Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

ਕੈਨੇਡੀਅਨ
# ਪੰਜਾਬੀ ਪੋਸਟ
Award winning newspaper | Canadian Punjabi Post
Vol 19*Issue 171 Monday, September 07, 2020 Tel: 905-793-2202 | Fax: 905-793-2282 | news@punjabipost.ca
To view our online newspaper visit punjabipost.ca/epaper THE ONLY DAILY PUNJABI NEWSPAPER ਹੁਣ ਤੁਸੀਂ 'ਪੰਜਾਬੀ ਪੋਸਟ' Onlineਰੋਜ਼ਾਨਾ ਪੜ੍ਹ ਸਕਦੇ ਹੋ

JOSHI LAW OFFICE
Barrister, Solicitor & Notary Public
Immigration
Real Estate
Commercial Law
Affidavit
Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

## ਟਰੈਵਲ ਸਬੰਧੀ ਪਾਬੰਦੀਆਂ ਦੇ ਬਾਵਜੂਦ 18000 ਤੋਂ ਵੱਧ ਲੋਕਾਂ ਨੇ ਕੈਨੇਡਾ ਵਿੱਚ ਦਾਖਲ ਹੋਣ ਦੀ ਕੀਤੀ ਕੋਸ਼ਿਸ਼

ਟੋਰਾਂਟੋ, 6 ਸਤੰਬਰ (ਪੋਸਟ ਬਿਊਰੋ) : ਕੋਵਿਡ-19 ਮਹਾਂਮਾਰੀ ਦੇ ਚੱਲਦਿਆਂ ਟਰੈਵਲ ਸਬੰਧੀ ਜਾਰੀ ਪਾਬੰਦੀਆਂ ਦੇ ਬਾਵਜੂਦ ਘੁੰਮਣ ਫਿਰਨ ਤੇ ਸ਼ਾਪਿੰਗ ਦੇ ਇਰਾਦੇ ਨਾਲ ਅਮਰੀਕਾ ਤੋਂ ਕੈਨੇਡਾ ਦਾਖਲ ਹੋਣ ਦੀ ਕੋਸ਼ਿਸ਼ ਕਰਨ ਵਾਲੇ 18000 ਤੋਂ ਵੀ ਵੱਧ ਲੋਕਾਂ ਨੂੰ ਸਰਕਾਰੀ ਅਧਿਕਾਰੀਆਂ ਵੱਲੋਂ ਰੋਕਿਆ ਗਿਆ।



22 ਮਾਰਚ ਤੇ 2 ਸਤੰਬਰ ਦਰਮਿਆਨ ਕੈਨੇਡਾ ਬਾਰਡਰ ਸਰਵਿਸਿਜ਼ ਏਜੰਸੀ (ਸੀਬੀਐਸਏ) ਵੱਲੋਂ 18431 ਲੋਕਾਂ ਨੂੰ ਵਾਪਿਸ ਮੋੜਿਆ ਗਿਆ। ਇਨ੍ਹਾਂ ਵਿਦੇਸ਼ੀ ਨਾਗਰਿਕਾਂ ਵੱਲੋਂ ਬੋਟ, ਜ਼ਮੀਨ ਤੇ ਹਵਾਈ ਰਸਤੇ ਰਾਹੀਂ ਅਮਰੀਕਾ ਤੋਂ ਕੈਨੇਡਾ ਦਾਖਲ ਹੋਣ ਦੀ ਹਰ ਸੰਭਵ ਕੋਸ਼ਿਸ਼ ਕੀਤੀ ਗਈ। ਇਨ੍ਹਾਂ ਟਰੈਵਲਰਜ਼ ਵਿੱਚੋਂ 5300 ਨੂੰ ਵਾਪਿਸ ਭੇਜਣ ਦਾ ਵੱਡਾ ਕਾਰਨ ਇਹ ਸੀ ਕਿ ਇਹ ਸਾਰੇ ਘੁੰਮਣ ਫਿਰਨ ਤੇ ਨਜ਼ਾਰੇ ਵੇਖਣ ਲਈ ਹੀ ਕੈਨੇਡਾ ਆਉਣਾ ਚਾਹੁੰਦੇ ਸਨ। 2000 ਦੇ ਨੇੜੇ ਤੇੜੇ ਮਨੋਰੰਜਨ ਲਈ ਤੇ 1000 ਦੇ ਨੇੜੇ ਤੇੜੇ ਲੋਕਾਂ ਵੱਲੋਂ ਗੈਰ ਲੋੜੀਂਦੀ ਸ਼ਾਪਿੰਗ ਲਈ ਹੀ ਕੈਨੇਡਾ ਵੱਲ ਮੂੰਹ ਕੀਤਾ ਗਿਆ। ਬਾਕੀ ਬਚੇ ਟਰੈਵਲਰਜ਼ ਨੂੰ ਕੈਨੇਡਾ ਵਿੱਚ ਗੈਰ ਜ਼ਰੂਰੀ ਕੰਮ ਹੋਣ ਕਾਰਨ ਦਾਖਲ ਨਹੀਂ ਹੋਣ ਦਿੱਤਾ ਗਿਆ। ਕੈਨੇਡਾ ਵਿੱਚ ਦਾਖਲ ਹੋਣ ਦੀ ਕੋਸ਼ਿਸ਼ ਕਰਨ ਵਾਲੇ ਇਨ੍ਹਾਂ ਟਰੈਵਲਰਜ਼ ਵਿੱਚੋਂ ਵੱਡੀ ਗਿਣਤੀ ਅਮੈਰੀਕਨਜ਼ ਦੀ ਸੀ, ਜੋ ਕਿ 87 ਫੀ ਸਦੀ ਸੀ। 18,431 ਲੋਕਾਂ ਵਿੱਚੋਂ 2361 ਹੀ ਅਮਰੀਕਾ ਨੂੰ ਛੱਡ ਕੇ ਹੋਰਨਾਂ ਦੇਸ਼ਾਂ ਦੇ ਸਨ। ਸੀਬੀਐਸਏ ਦੇ ਡਾਟਾ ਮੁਤਾਬਕ ਹੋਰਨਾਂ ਦੇਸ਼ਾਂ ਤੋਂ ਆਉਣ ਵਾਲੇ 448 ਏਅਰ ਟਰੈਵਲਰਜ਼ ਨੂੰ ਵੀ 22 ਮਾਰਚ ਤੋਂ 2 ਸਤੰਬਰ ਦਰਮਿਆਨ ਕੈਨੇਡਾ ਅੰਦਰ ਦਾਖਲਾ ਨਹੀਂ ਦਿੱਤਾ ਗਿਆ। ਮਹਾਂਮਾਰੀ ਸ਼ੁਰੂ ਹੋਣ ਤੋਂ ਲੈ ਕੇ ਹੁਣ ਤੱਕ ਪੰਜ ਵਾਰੀ ਸਰਹੱਦੀ ਪਾਬੰਦੀਆਂ ਵਿੱਚ ਵਾਧਾ ਕੀਤਾ ਜਾ ਚੁੱਕਿਆ ਹੈ।

## ਓਸ਼ਾਵਾ ਦੇ ਘਰ ਵਿੱਚ ਕਤਲ ਕੀਤੇ ਗਏ ਇੱਕੋ ਪਰਿਵਾਰ ਦੇ ਚਾਰ ਜੀਆਂ ਦੀ ਹੋਈ ਪਛਾਣ : ਪੁਲਿਸ



ਟੋਰਾਂਟੋ, 6 ਸਤੰਬਰ (ਪੋਸਟ ਬਿਊਰੋ) : ਸ਼ੁੱਕਰਵਾਰ ਸਵੇਰੇ ਬਿਨ ਬੁਲਾਏ ਰਿਸ਼ਤੇਦਾਰ ਵੱਲੋਂ ਓਸ਼ਾਵਾ ਦੇ ਘਰ ਵਿੱਚ ਕਤਲ ਕੀਤੇ ਗਏ ਚਾਰ ਪਰਿਵਾਰਕ ਮੈਂਬਰਾਂ ਦੀ ਪਛਾਣ ਪੁਲਿਸ ਵੱਲੋਂ ਕਰ ਲਈ ਗਈ ਹੈ।

ਐਤਵਾਰ ਨੂੰ ਜਾਰੀ ਕੀਤੀ ਗਈ ਨਿਊਜ਼ ਰਲੀਜ਼ ਵਿੱਚ ਦਰਹਾਮ ਰੀਜਨਲ ਪੁਲਿਸ ਵੱਲੋਂ ਇਸ ਗੱਲ ਦੀ ਪੁਸ਼ਟੀ ਕੀਤੀ ਗਈ ਕਿ ਇਸ ਸ਼ੂਟਿੰਗ ਵਿੱਚ 50 ਸਾਲਾ ਕ੍ਰਿਸ ਟਰੇਨਰ ਤੇ ਉਨ੍ਹਾਂ ਦੇ ਬੱਚਿਆਂ, 20 ਸਾਲਾ ਬ੍ਰੈਡਲੇ, 15 ਸਾਲਾ ਐਡੀਲੇਡ ਤੇ 11 ਸਾਲਾ ਜੋਸਫ ਮਾਰੇ ਗਏ। ਪੁਲਿਸ ਨੇ ਦੱਸਿਆ ਕਿ 50 ਸਾਲਾ ਮਹਿਲਾ, ਜਿਸ ਦੀ ਪਛਾਣ ਗੁਆਂਢੀਆਂ ਵੱਲੋਂ ਲੋਰੇਟਾ ਟਰੇਨਰ ਵਜੋਂ ਕੀਤੀ ਗਈ ਹੈ ਤੇ ਜੋ ਮਾਰੇ ਗਏ ਤਿੰਨ ਬੱਚਿਆਂ ਦੀ ਮਾਂ ਹੈ, ਇਸ ਹਮਲੇ ਵਿੱਚ ਗੰਭੀਰ ਰੂਪ ਵਿੱਚ ਜ਼ਖ਼ਮੀ ਹੋਣ ਤੋਂ ਬਾਅਦ ਇਸ ਸਮੇਂ ਹਸਪਤਾਲ ਵਿੱਚ ਜੇਰੇ ਇਲਾਜ ਹੈ।

ਗੁਆਂਢੀਆਂ ਤੇ ਇਸ ਜੋੜੇ ਦੇ ਕੋ-ਵਰਕਰਜ਼ ਨੇ ਦੱਸਿਆ ਕਿ ਪਤੀ ਪਤਨੀ ਦੋਵੇਂ ਦਰਹਾਮ ਕੈਥੋਲਿਕ ਡਿਸਟ੍ਰਿਕਟ ਸਕੂਲ ਬੋਰਡ (ਡੀਸੀਡੀਐਸਬੀ) ਵਿੱਚ ਅਧਿਆਪਕ ਹਨ। ਇੱਕ ਨੇੜਲੇ ਪਰਿਵਾਰਕ ਦੋਸਤ ਨੇ ਦੱਸਿਆ ਕਿ ਇਸ ਜੋੜੇ ਦਾ ਜਿਊਂਦਾ ਬਚਿਆ ਇੱਕੋ ਇੱਕ ਲੜਕਾ ਸ਼ੂਟਿੰਗ ਦੀ ਇਹ ਘਟਨਾ ਵਾਪਰਨ ਸਮੇਂ ਯੂਨੀਵਰਸਿਟੀ ਵਿੱਚ ਸੀ।

## ਕੈਲੇਫੋਰਨੀਆ ਦੇ ਜੰਗਲਾਂ ਵਿੱਚ ਲੱਗੀ ਅੱਗ, 200 ਤੋਂ ਵੱਧ ਕੈਂਪਰਜ਼ ਨੂੰ ਬਚਾਇਆ ਗਿਆ

ਕੈਲੇਫੋਰਨੀਆ, 6 ਸਤੰਬਰ (ਪੋਸਟ ਬਿਊਰੋ) : ਤੇਜ਼ੀ ਨਾਲ ਫੈਲ ਰਹੀ ਜੰਗਲ ਦੀ ਅੱਗ ਕਾਰਨ ਕੈਲੇਫੋਰਨੀਆ ਦੇ ਸਿਏਰਾ ਨੈਸ਼ਨਲ ਫੌਰੈਸਟ ਦੇ ਮਸ਼ਹੂਰ ਕੈਂਪਿੰਗ ਏਰੀਆ ਵਿੱਚ ਫਸੇ 200 ਤੋਂ ਵੀ ਵੱਧ ਲੋਕਾਂ ਨੂੰ ਸੁਰੱਖਿਅਤ ਢੰਗ ਨਾਲ ਏਅਰਲਿਫਟ ਕਰ ਲਿਆ ਗਿਆ।



ਕੈਲੇਫੋਰਨੀਆ ਆਫਿਸ ਆਫ ਐਮਰਜੰਸੀ ਸਰਵਿਸਿਜ਼ ਨੇ ਦੱਸਿਆ ਕਿ ਸ਼ਨਿੱਚਰਵਾਰ ਰਾਤ ਨੂੰ ਇਸ ਇਲਾਕੇ ਵਿੱਚ ਫਸੇ ਇਨ੍ਹਾਂ ਲੋਕਾਂ ਨੂੰ ਬਚਾਉਣ ਲਈ ਰੈਸਕਿਊ ਆਪਰੇਸ਼ਨ ਸ਼ੁਰੂ ਕੀਤਾ ਗਿਆ ਤੇ ਇਹ ਆਪਰੇਸ਼ਨ ਰਾਤ ਭਰ ਜਾਰੀ ਰਿਹਾ। ਇਸ ਦੌਰਾਨ ਬਲੈਕ ਹਾਅਕ ਤੇ ਚਿਨੂਕ ਹੈਲੀਕਾਪਟਰਜ਼ ਦੀ ਵਰਤੋਂ ਕੀਤੀ ਗਈ। ਪ੍ਰਾਪਤ ਜਾਣਕਾਰੀ ਅਨੁਸਾਰ ਦੋ ਵਿਅਕਤੀ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਏ ਜਦਕਿ 10 ਹੋਰਾਂ ਨੂੰ ਮਾਮੂਲੀ ਸੱਟਾਂ ਲੱਗੀਆਂ। ਮਡੇਰਾ ਕਾਊਂਟੀ ਸ਼ੈਰਿਫ ਆਫਿਸ ਨੇ ਦੱਸਿਆ ਕਿ ਦੋ ਕੈਂਪਰਜ਼ ਨੇ ਰੈਸਕਿਊ ਟੀਮ ਨਾਲ ਜਾਣ ਤੋਂ ਇਨਕਾਰ ਕਰ ਦਿੱਤਾ ਤੇ ਪਿੱਛੇ ਹੀ ਰਹਿਣ ਦਾ ਫੈਸਲਾ ਕੀਤਾ।



ਨੈਸ਼ਨਲ ਗਾਰਡ ਵੱਲੋਂ ਟਵੀਟ ਕੀਤੀ ਗਈ ਫੋਟੋ ਵਿੱਚ ਸਾਹਮਣੇ ਆਇਆ ਕਿ ਇੱਕ ਵਾਰੀ ਵਿੱਚ ਘੱਟੋ ਘੱਟ 20 ਵਿਅਕਤੀਆਂ ਨੂੰ ਇੱਕ ਹੈਲੀਕਾਪਟਰ ਵਿੱਚ ਭਰ ਕੇ ਇਸ ਕੈਂਪ ਤੋਂ ਬਾਹਰ ਲਿਆਂਦਾ ਗਿਆ। ਜਿਸ ਇਲਾਕੇ ਵਿੱਚੋਂ ਇਨ੍ਹਾਂ ਕੈਂਪਰਜ਼ ਨੂੰ ਬਚਾਇਆ ਗਿਆ ਉਸ ਦੇ ਆਲੇ ਦੁਆਲੇ ਸੰਘਣਾਂ ਜੰਗਲ ਹੈ ਤੇ ਇਹ ਵੀ ਪਤਾ ਲੱਗਿਆ ਕਿ ਅੱਗ ਇਨ੍ਹਾਂ ਕੈਂਪਰਜ਼ ਦੇ ਕਾਫੀ ਨੇੜੇ ਪਹੁੰਚ ਗਈ ਸੀ।

ਇਹ ਅੱਗ, ਜਿਸ ਨੂੰ ਕ੍ਰੀਕ ਫਾਇਰ ਦਾ ਨਾਂ ਦਿੱਤਾ ਗਿਆ ਹੈ, ਸ਼ੁੱਕਰਵਾਰ ਨੂੰ ਸ਼ੁਰੂ ਹੋਈ ਸੀ ਤੇ ਸ਼ਨਿੱਚਰਵਾਰ ਦੁਪਹਿਰ ਤੱਕ 56 ਸਕੁਏਅਰ ਮੀਲ ਦਾ ਇਲਾਕਾ ਇਸ ਦੀ ਚਪੇਟ ਵਿੱਚ ਆ ਗਿਆ ਸੀ। ਲਾਸ ਏਂਜਲਸ ਤੋਂ 290 ਮੀਲ ਉੱਤਰ ਵੱਲ ਦੇ ਇਸ ਇਲਾਕੇ ਵਿੱਚ ਘੱਟੋ ਘੱਟ 2000 ਇਮਾਰਤਾਂ ਨੂੰ ਖਤਰਾ ਦੱਸਿਆ ਜਾ ਰਿਹਾ ਹੈ।

## ਮੈਰੀ ਕਰਟਿਸ ਪਾਰਕ ਦੇ ਪਾਣੀਆਂ ਵਿੱਚ ਮਿਲੀ ਲਾਸ਼



ਇਟੋਬੀਕੋ, 6 ਸਤੰਬਰ (ਪੋਸਟ ਬਿਊਰੋ) : ਮੈਰੀ ਕਰਟਿਸ ਪਾਰਕ ਦੇ ਪਾਣੀ ਵਿੱਚ ਇੱਕ ਵਿਅਕਤੀ ਦੀ ਲਾਸ਼ ਮਿਲਣ ਦੇ ਮਾਮਲੇ ਦੀ ਪੁਲਿਸ ਜਾਂਚ ਕਰ ਰਹੀ ਹੈ।

ਇਟੋਬੀਕੋ ਪਾਰਕ ਦੇ ਦੱਖਣ ਵੱਲ ਪਾਣੀ ਵਿੱਚ ਲਾਸ਼ ਤੈਰਦੀ ਵੇਖ ਕੇ ਦੁਪਹਿਰੇ 4:00 ਵਜੇ ਦੇ ਨੇੜੇ ਤੇੜੇ ਲੋਕਾਂ ਨੇ ਪੁਲਿਸ ਨੂੰ ਰਿਪੋਰਟ ਕੀਤਾ ਤੇ ਜਾਂਚਕਾਰਾਂ ਨੂੰ ਇੱਥੇ ਸੱਦਿਆ ਗਿਆ। ਅਜੇ ਤੱਕ ਪੁਲਿਸ ਵੱਲੋਂ ਇਸ ਗੱਲ ਦੀ ਪੁਸ਼ਟੀ ਨਹੀਂ ਕੀਤੀ ਗਈ ਹੈ ਕਿ ਇਹ ਲਾਸ਼ ਕਿਸੇ ਪੁਰਸ਼ ਦੀ ਹੈ ਜਾਂ ਮਹਿਲਾ ਦੀ ਹੈ।

ਪੁਲਿਸ ਤੇ ਜਾਂਚਕਾਰ ਇਸ ਮਾਮਲੇ ਨੂੰ ਮੁਜਰਮਾਨਾ ਮਾਮਲਾ ਐਲਾਨਣ ਤੋਂ ਪਹਿਲਾਂ ਕੌਰੋਨਰ ਵੱਲੋਂ ਸਥਿਤੀ ਦਾ ਮੁਲਾਂਕਣ ਕਰਨ ਦੀ ਉਡੀਕ ਕਰ ਰਹੇ ਹਨ।

Best Insurance Rates
Auto Home Business
Dir: 647-400-2949
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Amanpreet S. Batth
Axsel Insurance Brokers Ltd.
Address: 1550 South Gateway Rd. Suite 220 Mississauga, ON L4W 5G6

NOW HIRING !!!
ALLKIND INSURANCE
Life Insurance
Critical illness Ins
Travel & Visitor Ins
RESP & TFSA & RRSP
Super Visa Insurance
Mortgage Insurance
Disability Insurance
Funeral Insurance
SIMRAN SAINI
416.994.7272
www.allkindinsurance.com

INSURANCE
Home
Business
Life Insurance
Auto
Trucking
Commercial
647-206-2452
Sukhwinder K Singh
CONNEX 7050A Bramalea Rd, Unit # 13, Mississauga, ON L5S 1T1

AUTO & HOME INSURANCE
Super visa Insurance
Life & Disability
Critical illness
RESP
Visitor & Travel insurance
(416-845-1352)
Manwinder Mangat Broker
Aaxel InsuranceBrokers Ltd.
1332 Khalsa Dr, Unit # 11, Mississauga, ON L5S 0A2

Law Office of Aman Sharma
Real Estate
Commercial Lease
Business Purchase & Sale
Notarizations & Affidavits
Wills & Power Of Attorney
Fax: 905-913-2344 Tel: 905-913-2355
Aman Sharma
25 Cherrycrest Drive, Unit # 6 Brampton, ON, L6P 3W4
Open Saturday
Providing excellent quality legal services to our clients

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill Certified & Licenced Exterminator

Canada Consumer Credit Assistance ਕਰਜ਼ਾ ਰਹਿਤ ਜਿੰਦਗੀ ਜੀਓ
ਪਾਵਰ ਆਫ ਸੇਲ ਨੋਟਿਸ ?
ਗਾਰਨਿਸ਼ਮੈਂਟ?
ਬੈਂਕ ਵਲੋਂ ਪੈਸੇ ਦੀ ਮੰਗ ?
ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available
1888 864 3131
Jasbir Singh Hundal Qualified Credit Counsellor
www.MakeMeDebtFree.ca
416-502-3100
Unit #20 - 7015 Tranmere Drive Mississauga, ON L5S 1T7

HELPING YOU PLAN TODAY...FOR TOMORROW
Supervisa / Visitor Insurance
Life /Mortgage/Funeral Insurance
Disability Insurance
Critical Illness Insurance
RESP /RRSP
www.ufsinsurance.com
JATINDERBIR S BAJWA Insurance Broker
Dir:647-928-4990
# 25-831 Bovarid Dr. W. Brampton, ON L6X0T9 | www.ufsinsurance.com

PROTECT YOUR HOME FROM PESTS
Pest Control
100% Success rate for bed bug Treatment
Low Rates/Excellent Pest Control Services
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
A-Z Pest Control Inc.
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Cell: 416-841-4218 Tel: 905-216-5563
Avon Financial Inc. Advice you can bank on.
Brokerage Lic. 12538
Harpreet Singh Goraya Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

NM Money Exchange
ਦੁਨੀਆਂ ਦੇ ਕਿਸੇ ਵੀ ਕੋਨੇ ਤੋਂ ਪੈਸੇ ਮੰਗਵਾਉਣ ਅਤੇ ਭੇਜਣ ਦਾ ਮੌਕਾ ਜ਼ਰੂਰ ਦਿਓ
Best INR Rate
Fastest Service
24x7 Service
Secure Transaction
Special Business Account
Send - Exchange - Receive
Toll Free: 1833 823 5439 | 647 783 0049

SEHMBI RENOVATIONS
ਰੈਨੋਵੇਸ਼ਨ ਦੇ ਕਿਸੇ ਵੀ ਕੰਮ ਲਈ ਸਾਡੀਆਂ ਪਰੋਫੈਸ਼ਨਲ ਤੇ ਭਰੋਸੇਯੋਗ ਸੇਵਾਵਾ ਦਾ ਲਾਭ ਉਠਾਓ
Custom Kitchen Cabinets
Legal Basement
Completly Furnished
Painting & Flooring
ਵਾਜਿਬ ਕੀਮਤ ਤੇ ਸਮੇਂ ਸਿਰ ਕੰਮ
Jaswant Sehmbi: 647.524.0885

ਨਵਾਂ ਘਾਹ ਲਵਾਉ
647-784-1213
www.aaalandscaping.ca
1. ਪੁਰਾਣਾ ਘਾਹ ਹਟਾਉ ਅਤੇ ਨਵਾਂ ਲਵਾਉ
2. ਏਰੀਆ ਨੂੰ ਲੇਵਲ ਕਰਨਾ ਅਤੇ ਮਿੱਟੀ ਰਲਾਉਣੀ
3. ਨਵਾਂ ਘਾਹ ਲਵਾਉ
4. ਆਪਣੇ ਨਵੇਂ ਅਤੇ ਸੋਹਣੇ ਘਾਹ ਨੂੰ ਦੇਖੋ

CN Forklift Training Center
Counterbalance All Types
Walkie pallet Low Lift
Electric Motor Narrow Aisle Reach
Cherry Order Picker
Canadian National Forklift Safety Group
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
NC Dhawan Certified Instructor
Cell: 416 726 6206 Tel: 905 405 0001


Royal Pest Control
Residential Commercial Industrial
Specialist in Bedbugs Service
All Pest Control :
Mouse & Rats
Cockroaches
Spiders & Fleas
Carpenter Ants
Bedbugs
Silver Fish
Wasps
Racoons
Call : PARESH PATEL
416 938 4598

KELLEY LAW OFFICE
Immigration
Family Law
Corporate
Real Estate
Business Closing
Wills & Estate
Power of Attorney/Affidavit /Attestations
www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੌਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ!
1200 Derry Road E, #15, Mississauga, ON L5T 0B3
Shinder Kelley Barrister, Solicitor & Notary Public
905-362-0755

MANN LAW FIRM
Real Estate Law
Wills & Estates
Power of Attorney
Affidavits Notarization / Declaration
Business Law
Family Law
Civil Litigation
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

CALL: 905-793-2202
You can Place Your Business Here
To Reach Wider Audience


NOW HIRING
U.S. CROSS BORDER SINGLES & TEAMS AND CANADIAN TEAMS
US Singles $0.64/mile
US Teams $0.66/mile
Canadian teams $0.62/mile
LIGHT SPEED Logistics Inc.
OUR FAMILY WELCOMES YOU
U.S. Singles – Dedicated Truck
Desirable Lanes to the U.S.
U.S. Teams – New Dedicated Truck
Canadian Teams – New Dedicated Truck
Comprehensive Company Benefits
Flexible Work Schedule
LIGHT SPEED HAS YOU COVERED
Steve Hunt O 905.696.0700 x7224 C 905.229.9011 E shunt@lslinc.com
6015 Kestrel Road, Mississauga, ONTARIO L5T 1S8
www.lslinc.com


NATION-WIDE
TALK, TEXT &
DATA PLAN
4.5GB
$40/mo.
chatr™
AUTHORIZED DEALER
379 Main St. North, Brampton | 905-451-0379
2456 Lake shore Blvd West, Etobicoke | 416-259-3654
905-451-0379
Offer subject to change without notice. Get 4.5GB at 3G speed. Once you reach your 3G speed data allotment, your data speed will be reduced until your next anniversary date. Taxes extra. ™ Trademarks used under license ©2020

# ਤਖਤ ਪਟਨਾ ਸਾਹਿਬ ਤੋਂ ਤਨਖ਼ਾਹੀਆ ਐਲਾਨੇ ਗਏ ਹਰਪਾਲ ਸਿੰਘ ਜੌਹਲ ਨੂੰ ਧਾਰਮਿਕ ਸਜ਼ਾ ਲਾਈ ਗਈ

## * ਜਥੇਦਾਰ ਵਿਰੁੱਧ ਦੋਸ਼ ਲਾਏ ਸਨ ਪ੍ਰਬੰਧਕ ਕਮੇਟੀ ਮੈਂਬਰ ਨੇ



ਪਟਨਾ ਸਾਹਿਬ, 6 ਸਤੰਬਰ, (ਪੋਸਟ ਬਿਊਰੋ)- ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਵਿੱਚ ਅੱਜ ਪੰਜ ਪਿਆਰਿਆਂ ਨੇ ਮੀਟਿੰਗ ਕਰ ਕੇ ਏਥੋਂ ਦੀ ਪ੍ਰਬੰਧਕ ਕਮੇਟੀ ਦੇ ਤਨਖ਼ਾਹੀਆ ਐਲਾਨੇ ਹੋਏ ਮੈਂਬਰ ਹਰਪਾਲ ਸਿੰਘ ਜੌਹਲ ਨੂੰ ਧਾਰਮਿਕ ਸਜ਼ਾ ਸੁਣਾਈ ਹੈ, ਕਿਉਂਕਿ ਉਸ ਨੇ ਇਸ ਤਖਤ ਦੇ ਜਥੇਦਾਰ ਉੱਤੇ ਕੁਝ ਦੋਸ਼ ਲਾਏ ਸਨ।

ਇਸ ਬਾਰੇ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਦੇ ਜਥੇਦਾਰ ਗਿਆਨੀ ਰਣਜੀਤ ਸਿੰਘ ਗੌਹਰ-ਏ-ਮਸਕੀਨ ਨੇ ਦੱਸਿਆ ਕਿ ਹਰਪਾਲ ਸਿੰਘ ਜੌਹਲ ਦਾ ਮਾਫ਼ੀਨਾਮਾ ਪੇਸ਼ ਹੋਣ ਪਿੱਛੋਂ ਉਨ੍ਹਾਂ ਨੂੰ ਪੰਜਾਂ ਤਖ਼ਤਾਂ ਉੱਤੇ ਸੇਵਾ ਕਰਨ ਦੀ ਸਜ਼ਾ ਸੁਣਾਈ ਗਈ ਹੈ।ਜਥੇਦਾਰ ਦੇ ਦੱਸਣ ਅਨੁਸਾਰ ਧਾਰਮਿਕ ਸਜ਼ਾ ਹੇਠ ਤਨਖ਼ਾਹੀਆ ਐਲਾਨੇ ਗਏ ਹਰਪਾਲ ਸਿੰਘ ਜੌਹਲ ਨੂੰ ਸ੍ਰੀ ਅਕਾਲ ਤਖ਼ਤ, ਤਖ਼ਤ ਕੇਸਗੜ੍ਹ ਸਾਹਿਬ, ਤਖ਼ਤ ਦਮਦਮਾ ਸਾਹਿਬ ਅਤੇ ਤਖ਼ਤ ਹਜ਼ੂਰ ਸਾਹਿਬ ਨਾਂਦੇੜ ਵਿਖੇ ਦੋ-ਦੋ ਦਿਨ ਸਵੇਰੇ ਸ਼ਾਮ ਇਕ-ਇਕ ਘੰਟਾ ਕੀਰਤਨ ਸੁਣਨਾ, ਇਕ ਘੰਟਾ ਜੋੜੇ ਸਾਫ਼ ਕਰਨੇਤੇ ਲੰਗਰ ਹਾਲ ਵਿਚ ਬਰਤਨ ਸਾਫ਼ ਕਰਨੇ ਹੋਣਗੇ।ਉਸ ਨੂੰ ਤਿੰਨ ਦਿਨਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਵਿਚ ਰੋਜ਼ਾਨਾ ਇਕ ਘੰਟਾ ਆਈ ਸੰਗਤਾਂ ਦੇ ਜੋੜੇ ਸਾਫ਼ ਕਰਨ, ਬਰਤਨ ਧੋਣ ਤੇ ਕੀਰਤਨ ਸੁਣਨ ਦੀਸਜ਼ਾ ਵੀ ਸੁਣਾਈ ਗਈ ਹੈ।ਇਸ ਦੇ ਨਾਲ ਚੌਪਈ ਸਾਹਿਬ ਦੇ 31 ਪਾਠ ਕਰਨੇ ਹੋਣਗੇ। ਇਹ ਸਜ਼ਾ ਪੂਰੀ ਕਰਨ ਪਿੱਛੋਂ ਉਸ ਨੂੰ ਦੋਸ਼ ਮੁਕਤੀਸਰਟੀਫਿਕੇਟ ਦਿੱਤਾ ਜਾਵੇਗਾ।

ਅੱਜ ਏਥੇ ਤਖਤ ਪਟਨਾ ਸਾਹਿਬ ਦੇ ਜਥੇਦਾਰ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਵਿਚ ਮੁੱਖ ਗ੍ਰੰਥੀ ਭਾਈ ਰਜਿੰਦਰ ਸਿੰਘ, ਸੀਨੀਅਰ ਮੀਤ ਗ੍ਰੰਥੀ ਗਿਆਨੀ ਬਲਦੇਵ ਸਿੰਘ, ਗ੍ਰੰਥੀ ਗੁਰਦਿਆਲ ਸਿੰਘ ਤੇ ਦਲੀਪ ਸਿੰਘ ਸ਼ਾਮਲ ਸਨ। ਇਸ ਦੇ ਬਾਅਦ ਜਥੇਦਾਰ ਰਣਜੀਤ ਸਿੰਘ ਗੌਹਰ ਨੇ ਦੱਸਿਆ ਕਿ ਹਰਪਾਲ ਸਿੰਘ ਜੌਹਲ ਨੂੰ ਇਸ ਸੇਵਾ ਦੌਰਾਨ ਸਮਾਜੀ ਕੰਮਾਂ ਵਿਚ ਹਿੱਸਾ ਲੈਣ ਦੀ ਇਜਾਜ਼ਤ ਹੈ, ਪ੍ਰੰਤੂ ਉਹ ਵੱਡੇ ਸਮਾਗਮ ਵਿਚ ਸ਼ਾਮਲ ਨਹੀਂ ਹੋਣਗੇ।

ਵਰਨਣ ਯੋਗ ਹੈ ਕਿ 31 ਮਈ ਰਾਤ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਵਿਚ ਜਥੇਦਾਰ ਰਣਜੀਤ ਸਿੰਘ ਦੀ ਪ੍ਰਧਾਨਗੀ ਹੇਠ ਪੰਜ ਪਿਆਰਿਆਂ ਨੇ ਹੁਕਮਨਾਮਾ ਜਾਰੀ ਕਰ ਕੇ ਏਥੋਂ ਦੇ ਪ੍ਰਬੰਧਕ ਕਮੇਟੀ ਦੇ ਮੈਂਬਰ ਹਰਪਾਲ ਸਿੰਘ ਜੌਹਲ ਨੂੰ ਤਨਖ਼ਾਹੀਆ ਐਲਾਨ ਕੀਤਾ ਸੀ। ਜੌਹਲ ਉੱਤੇ ਦੋਸ਼ ਸੀ ਕਿ ਉਨ੍ਹਾਂ ਨੇ ਜਥੇਦਾਰ ਰਣਜੀਤ ਸਿੰਘ ਗੌਹਰ ਦੇ ਬਾਰੇ ਆਡੀਓ ਵਾਇਰਲ ਕਰ ਕੇ ਆਪਣੇ ਨਾਲ ਤਿੰਨ ਪੀਏ ਰੱਖਣ, ਹਰ ਮਹੀਨੇ 50 ਤੋਂ ਇਕ ਲੱਖ ਰੁਪਏ ਤਕ ਦੇ ਹਵਾਈ ਟਿਕਟ ਦਾ ਖ਼ਰਚ ਲੈਣ, ਪੂਰੇ ਮਹੀਨੇ ਵਿਚ ਸਿਰਫ ਦੋ-ਚਾਰ ਦਿਨ ਤਖ਼ਤ ਸਾਹਿਬ ਉੱਤੇ ਰਹਿਣ ਸਮੇਤ ਕਈ ਗੱਲਾਂ ਕਹੀਆਂ ਸਨ।

# ਲਾਕਡਾਊਨ ਵੇਲੇ ਦੀਆਂ ਬੁੱਕ ਕੀਤੀਆਂ ਏਅਰ ਟਿਕਟਾਂ ਦਾ ਰਿਫੰਡ ਮਿਲੇਗਾ!

## * ਭਾਰਤ ਸਰਕਾਰ ਵੱਲੋਂ ਟਿਕਟਾਂ ਦੇ ਪੈਸੇ ਮੋੜਨ ਦੀ ਤਜਵੀਜ਼ ਪੇਸ਼



ਨਵੀਂ ਦਿੱਲੀ, 6 ਸਤੰਬਰ, (ਪੋਸਟ ਬਿਊਰੋ)- ਭਾਰਤ ਸਰਕਾਰ ਨੇ ਇਕ ਤਜਵੀਜ਼ ਪੇਸ਼ ਕੀਤੀ ਹੈ ਕਿ ਕੋਰੋਨਾ ਵਾਇਰਸ ਦੀ ਮਾਰ ਪੈਣ ਵੇਲੇ ਲਾਏ ਗਏ ਲਾਕਡਾਊਨ ਦੌਰਾਨ ਦੇ ਸਮੇਂ ਲਈ ਬੁੱਕ ਕੀਤੀਆਂ ਗਈਆਂ ਏਅਰ ਟਿਕਟਾਂ ਦੀ ਪੂਰੀ ਰਕਮ ਏਅਰਲਾਈਨਸ ਵਲੋਂ 15 ਦਿਨਾਂ ਦੇ ਅੰਦਰ ਵਾਪਸ ਕਰਨੀ ਜਾਣੀ ਚਾਹੀਦੀ ਹੈ। ਜੇ ਕੋਈ ਏਅਰਲਾਈਨਮਾਇਕ ਸੰਕਟਦੇ ਕਾਰਨ ਏਦਾਂ ਕਰਨਤੋਂ ਅਸਮਰਥ ਹੈ ਤਾਂ ਉਸ ਵਲੋਂ 31 ਮਾਰਚ 2021 ਤੱਕ ਯਾਤਰੀਆਂ ਦੀ ਪਸੰਦ ਦਾ ਟਰੈਵਲ ਕ੍ਰੈਡਿਟ ਸ਼ੈੱਲ ਦਿੱਤਾ ਜਾਣਾ ਚਾਹੀਦਾ ਹੈ। ਲਾਕਡਾਊਨ ਦੌਰਾਨ ਬੁੱਕ ਕੀਤੇ ਟਿਕਟਾਂ ਦੀ ਪੂਰੀ ਰਕਮ ਵਾਪਸ ਦੇਣ ਦੀ ਇਹ ਤਜਵੀਜ਼ਘਰੇਲੂ, ਅੰਤਰਰਾਸ਼ਟਰੀ ਅਤੇ ਵਿਦੇਸ਼ੀ ਏਅਰਲਾਈਨਜ਼ ਸਾਰੀਆਂਲਈਦਿੱਤੀ ਗਈ ਹੈ।

ਸੁਪਰੀਮ ਕੋਰਟ ਵਿੱਚ ਇੱਕ ਐਫੀਡੇਵਿਟ ਵਿੱਚ ਭਾਰਤ ਦੇ ਸਿਵਲ ਹਵਾਬਾਜ਼ੀ ਦੇ ਡਾਇਰੈਕਟਰ ਓ ਕੇ ਗੁਪਤਾ ਨੇ ਕਿਹਾ ਕਿ ਘਰੇਲੂ ਏਅਰਲਾਈਨਾਂ ਲਈ ਜੇ ਟਿਕਟਾਂ ਸਿੱਧੀਆਂ ਏਅਰਲਾਈਨ ਜਾਂ ਏਜੈਂਟ ਰਾਹੀਂਲਾਕਡਾਊਨਦੇ ਪਹਿਲੇ ਗੇੜਦੌਰਾਨ 25 ਮਾਰਚ ਤੋਂ 14 ਅਪ੍ਰੈਲ ਤੱਕ ਅਤੇ ਲਾਕਡਾਊਨ ਦੇਦੂਜੀ ਗੇੜ ਵਿੱਚ ਯਾਤਰਾ ਲਈ ਬੁੱਕ ਕੀਤੀਆਂ ਹੋਣਗੀਆਂ ਤਾਂ ਏਦਾਂਦੇ ਸਾਰੇ ਕੇਸਾਂ ਵਿੱਚ ਏਅਰਲਾਈਨਜ਼ ਵੱਲੋਂ ਸਾਰਾ ਪੈਸਾ ਰਿਫੰਡ ਦਿੱਤਾ ਜਾਵੇਗਾ। ਕੇਂਦਰ ਸਰਕਾਰ ਨੇ ਕਿਹਾ ਕਿ ਕ੍ਰੈਡਿਟ ਸ਼ੈੱਲ ਦੀ ਖਪਤ ਵਿੱਚ ਦੇਰੀ ਲਈ ਮੁਸਾਫਰ ਨੂੰ ਮੁਆਵਜ਼ਾ ਦੇਣ ਦਾ ਇੰਸੈਂਟਿਵ ਮੈਕੇਨਿਜ਼ਮ ਹੋਵੇਗਾ, ਜਿਵੇਂ ਟਿਕਟ ਰੱਦ ਹੋਣ ਦੀ ਮਿਤੀ ਤੋਂ 30 ਜੂਨ 2020 ਤੱਕ ਕ੍ਰੈਡਿਟ ਸ਼ੈੱਲ ਦੇ ਮੁੱਲ ਵਿੱਚ 0.5 ਫੀਸਦੀ (ਪਹਿਲਾਂ ਤੋਂ ਲਈ ਟਿਕਟ ਦੀ ਕੀਮਤ) ਦਾ ਵਾਧਾ ਹੋਵੇਗਾ। ਐਫੀਡੇਵਿਟ ਮੁਤਾਬਕ ਇਸ ਪਿੱਛੋਂ ਕ੍ਰੈਡਿਟ ਸ਼ੈੱਲ ਦਾ ਮੁੱਲ ਮਾਰਚ 2021 ਤਕ ਪ੍ਰਤੀ ਮਹੀਨਾ ਲਿਖੇ ਗਏ ਮੁੱਲ ਦੇ 0.75 ਫੀਸਦੀ ਤੱਕ ਵਧ ਜਾਵੇਗਾ। ਏਦਾਂ ਦਾ ਕ੍ਰੈਡਿਟ ਸ਼ੈੱਲ ਟਰਾਂਸਫਰ ਵੀ ਕੀਤਾ ਜਾ ਸਕਦਾ ਹੈ।

# ਓਸਾਮਾ ਦੀ ਭਤੀਜੀ ਦਾ ਦਾਅਵਾ: 9/11 ਵਰਗੇ ਅੱਤਵਾਦੀ ਹਮਲਿਆਂ ਤੋਂ ਸਿਰਫ਼ ਡੋਨਾਲਡ ਟਰੰਪ ਹੀ ਬਚਾ ਸਕਦੈ



ਵਾਸ਼ਿੰਗਟਨ, 6 ਸਤੰਬਰ, (ਪੋਸਟ ਬਿਊਰੋ)- ਅਮਰੀਕਾ ਦੇ ਸੀਲ ਕਮਾਂਡੋਜ਼ ਹੱਥੋਂ ਮਾਰੇ ਜਾ ਚੁੱਕੇ ਸੰਸਾਰ ਭਰ ਦੇ ਸਭ ਤੋਂ ਵੱਧ ਖਤਰਨਾਕ ਅੱਤਵਾਦੀ ਓਸਾਮਾ ਬਿਨ ਲਾਦੇਨ ਦੀ ਭਤੀਜੀ ਨੇ ਹੈਰਾਨ ਕਾਰਨ ਵਲਾ ਬਿਆਨ ਦੇ ਦਿੱਤਾ ਹੈ। ਓਸਾਮਾ ਦੇ ਵੱਡੇ ਭਰਾ ਅਸਲਮ ਬਿਨ ਲਾਦੇਨ ਦੀ ਧੀ ਨੂਰ ਬਿਨ ਲਾਦੇਨ ਨੇ ਕਿਹਾ ਹੈ ਕਿ ਦੁਨੀਆ ਵਿੱਚ ਸਿਰਫ਼ ਇੱਕ ਆਦਮੀ ਅਲ ਕਾਇਦਾਤੋਂ ਸਾਨੂੰ ਸਭ ਨੂੰ ਬਚਾ ਸਕਦਾ ਹੈ। ਉਸ ਦੇ ਦਿੱਤੇ ਇਸ ਬਿਆਨ ਨੂੰ ਅਮਰੀਕਾ ਦੀ ਰਾਸ਼ਟਰਪਤੀ ਚੋਣ ਦੇ ਇਸ ਮਾਹੌਲ ਵਿੱਚ ਬਹੁਤ ਜ਼ਿਆਦਾ ਗੰਭੀਰਤਾ ਨਾਲ ਲਿਆ ਜਾ ਰਿਹਾ ਹੈ।

ਨੂਰ ਬਿਨ ਲਾਦੇਨ ਨੇ ਇਸ ਬਿਆਨ ਵਿੱਚ ਦਾਅਵਾ ਕੀਤਾ ਹੈ ਕਿ ਸਿਰਫ ਡੋਨਾਲਡ ਟਰੰਪ ਹੀ ਅਮਰੀਕਾ ਨੂੰ 9/11 ਵਰਗੇ ਅੱਤਵਾਦੀ ਹਮਲਿਆਂ ਤੋਂ ਬਚਾ ਸਕਦਾ ਹੈ। ਉਸ ਨੇ ਇਹ ਵੀ ਕਿਹਾ ਕਿ ਜੋਅਬਿਡੇਨ ਅਮਰੀਕੀ ਰਾਸ਼ਟਰਪਤੀ ਚੁਣੇ ਗਏ ਤਾਂ 9/11 ਵਰਗਾ ਇੱਕ ਹੋਰ ਹਮਲਾ ਅਮਰੀਕਾ ਵਿੱਚ ਹੋ ਸਕਦਾ ਹੈ। ਉਸ ਨੇ ਇਹ ਗੱਲਾਂ ਨਿਊਯਾਰਕ ਪੋਸਟ ਲਈ ਦਿੱਤੀ ਇੱਕ ਇੰਟਰਵਿਊ ਵਿੱਚ ਕਹੀਆਂ ਹਨ।ਵਰਨਣ ਯੋਗ ਹੈ ਕਿ ਅੱਤਵਾਦੀ ਸੰਗਠਨ ਅਲਕਾਇਦਾ ਦੇ ਅੱਤਵਾਦੀਆਂ ਨੇ 11 ਸਤੰਬਰ 2001 ਨੂੰ ਅਮਰੀਕਾ ਵਿੱਚ 4 ਹਮਲੇ ਕੀਤੇ ਸਨ, ਜਿਨ੍ਹਾਂ ਵਿੱਚ 2977 ਲੋਕਾਂ ਦੀ ਮੌਤ ਹੋਈ ਸੀ ਅਤੇ 25 ਹਜ਼ਾਰ ਤੋਂਵੱਧ ਲੋਕ ਜ਼ਖ਼ਮੀ ਹੋਏ ਸਨ।

ਨੂਰ ਬਿਨ ਲਾਦੇਨ ਆਪਣੇ ਪਿਛੋਕੜ ਵੱਲੋਂ ਓਸਾਮਾ ਬਿਨ ਲਾਦੇਨ ਦੇ ਵੱਡੇ ਭਰਾ ਅਸਲਮ ਬਿਨ ਲਾਦੇਨ ਦੀ ਧੀ ਹੈ। ਅਸਲਮਦਾ ਵਿਆਹ ਪ੍ਰਸਿੱਧ ਸਵਿਸ ਲੇਖਕਾ ਕਾਰਮੇਨ ਡਿਊਫੋਰ ਨਾਲ ਹੋਇਆ ਸੀ ਤੇ ਸਾਲ 1988 ਵਿੱਚ ਅਸਲਮ ਅਤੇ ਕਾਰਮੇਨ ਦਾ ਤਲਾਕ ਹੋ ਗਿਆ ਸੀ। ਮਾਂ-ਪਿਉ ਦੇ ਤਲਾਕ ਤੋਂ ਬਾਅਦ ਨੂਰ ਬਿਨ ਲਾਦੇਨ ਆਪਣੀਆਂ ਦੋ ਭੈਣਾਂ ਵਫਾ ਅਤੇ ਨਾਜ਼ੀਆ ਨਾਲ ਸਵਿਟਜ਼ਰਲੈਂਡ ਵਿੱਚ ਆਪਣੀ ਮਾਂ ਨਾਲ ਰਹਿੰਦੀ ਸੀ ਤੇ ਇਸ ਪਰਿਵਾਰ ਨੇ ਓਸਾਮਾ ਬਿਨ ਲਾਦੇਨ ਤੋਂ ਦੂਰੀ ਬਣਾ ਲਈ ਸੀ। ਨੂਰ ਨੇ ਕਿਹਾ ਕਿ ਉਹ ਭਾਵੇਂ ਸਵਿਟਜ਼ਰਲੈਂਡ ਵਿੱਚ ਰਹਿੰਦੀਆਂ ਹਨ, ਪਰ ਉਹ ਦਿਲ ਤੋਂ ਆਪਣੇ ਆਪ ਨੂੰ ਅਮਰੀਕੀ ਮੰਨਦੀਆਂ ਹਨ। ਉਸ ਨੇ ਕਿਹਾ ਕਿ 12 ਸਾਲ ਦੀ ਉਮਰ ਵਿੱਚ ਉਸ ਨੇ ਆਪਣੇ ਕਮਰੇ ਵਿੱਚ ਅਮਰੀਕੀ ਝੰਡਾ ਲਾਇਆ ਸੀ। ਨੂਰ ਬਿਨ ਲਾਦੇਨ ਨੇ ਕਿਹਾ ਕਿ ਟਰੰਪ ਨੂੰ ਅਮਰੀਕਾ ਦਾ ਫਿਰ ਰਾਸ਼ਟਰਪਤੀ ਚੁਣਿਆ ਜਾਣਾ ਚਾਹੀਦਾ ਹੈ, ਕਿਉਂਕਿ ਟਰੰਪ ਹੀ ਇੱਕ ਅਜਿਹਾ ਆਗੂ ਹੈ,ਜਿਹੜਾ ਅੱਤਵਾਦ ਨੂੰ ਖ਼ਤਮ ਕਰ ਸਕਦਾ ਹੈ।

# ਕਿਸਾਨਾਂ ਵੱਲੋਂ ਖੇਤੀ ਆਰਡੀਨੈਂਸ ਮੁੱਦੇ ਉੱਤੇ ਆਰ-ਪਾਰ ਦੀ ਸਿੱਧੀ ਲੜਾਈ ਦਾ ਐਲਾਨ



ਚੰਡੀਗੜ੍ਹ, 6 ਸਤੰਬਰ, (ਪੋਸਟ ਬਿਊਰੋ)- ਖੇਤੀ ਆਰਡੀਨੈਂਸ ਅਤੇ ਬਿਜਲੀ ਐਕਟ-2020 ਦਾ ਮੁੱਦਾ ਭਾਰਤ ਸਰਕਾਰ ਲਈ ਵੱਡੀ ਮੁਸੀਬਤ ਬਣਨ ਵਾਲਾ ਹੈ। ਸਾਰੇ ਦੇਸ਼ ਦੀਆਂ ਢਾਈ ਸੌ ਜਥੇਬੰਦੀਆਂ ਦੀ ਸਾਂਝੀ 'ਕੁੱਲ ਹਿੰਦ ਕਿਸਾਨ ਸੰਘਰਸ਼ ਤਾਲਮੇਲ ਕਮੇਟੀ' ਨੇ ਇਸ ਬਾਰੇ ਸੰਘਰਸ਼ ਤਿੱਖਾ ਕਰਨ ਦਾ ਐਲਾਨ ਕੀਤਾ ਤੇ ਪਾਰਲੀਮੈਂਟ ਦੇ ਮੌਨਸੂਨ ਸੈਸ਼ਨ ਦੇ ਪਹਿਲੇ ਹੀ ਦਿਨ ਧਰਨਾ ਪ੍ਰਦਰਸ਼ਨ ਕਰਨ ਤੋਂ ਇਹ ਸੰਘਰਸ਼ ਸ਼ੁਰੂ ਕਰਨ ਐਲਾਨ ਕੀਤਾ ਹੈ।

ਕਿਸਾਨ ਜਥੇਬੰਦੀਆਂ ਨੇ ਅੱਜ ਐਲਾਨ ਕੀਤਾ ਹੈ ਕਿ ਕੇਂਦਰ ਸਰਕਾਰ ਵੱਲੋਂ ਪਿਛਲੇ ਦਿਨੀਂ ਜਾਰੀ ਕੀਤੇ ਤਿੰਨ ਖੇਤੀ ਆਰਡੀਨੈਂਸਾਂ ਤੇ ਬਿਜਲੀ ਐਕਟ-2020 ਨੂੰ ਰੱਦ ਕਰਾਉਣ ਲਈ ਕਿਸਾਨ ਸੰਘਰਸ਼ ਤੇਜ਼ ਕਰਨਗੇ, ਜਿਸ ਲਈ ਕੁੱਲ ਹਿੰਦ ਕਿਸਾਨ ਸੰਘਰਸ਼ ਤਾਲਮੇਲ ਕਮੇਟੀ ਦੇ ਸੱਦੇ ਉੱਤੇ ਪੰਜਾਬ ਦੀਆਂ ਦਸ ਜਥੇਬੰਦੀਆਂ ਨੇ ਲਾਮਬੰਦੀ ਸ਼ੁਰੂ ਕਰ ਦਿੱਤੀ ਹੈ।

ਇਸ ਬਾਰੇ ਕਿਸਾਨ ਯੂਨੀਅਨ (ਡਕੌਂਦਾ) ਦੇ ਜਨਰਲ ਸਕੱਤਰ ਜਗਮੋਹਨ ਸਿੰਘ ਨੇ ਦੱਸਿਆ ਕਿ 14 ਸਤੰਬਰ ਨੂੰ ਪਾਰਲੀਮੈਂਟਅੱਗੇ ਸੰਕੇਤਕ ਪ੍ਰਦਰਸ਼ਨ ਕੀਤਾ ਜਾਵੇਗਾ ਤੇ ਇਸ ਦੇ ਨਾਲ ਪਟਿਆਲਾ, ਅੰਮ੍ਰਿਤਸਰ, ਫਗਵਾੜਾ, ਬਰਨਾਲਾ ਤੇ ਮੋਗਾ ਵਿਚ ਕਿਸਾਨ ਰੈਲੀਆਂ ਕੀਤੀਆਂ ਜਾਣਗੀਆਂ। ਉਨ੍ਹਾ ਕਿਹਾ ਕਿ ਬੀਤੇ ਦਿਨੀਂਜਿਹੜੀ ਚਿੱਠੀ ਸੁਖਬੀਰ ਸਿੰਘ ਬਾਦਲ ਨੇ ਲਿਆ ਕੇ ਦਿਖਾਈ ਹੈ, ਉਸ ਵਿੱਚ ਵੀ ਸਾਫ ਹੈ ਕਿ ਕੇਂਦਰ ਸਰਕਾਰ ਵੱਲੋਂ ਖਰੀਦ ਦੀ ਜ਼ਿੰਮੇਵਾਰੀ ਰਾਜ ਸਰਕਾਰਾਂ ਉੱਤੇ ਪਾਈ ਜਾ ਰਹੀ ਹੈ ਅਤੇ ਪ੍ਰਾਈਵੇਟ ਕੰਪਨੀਆਂ ਨੂੰ ਬਿਨਾਂ ਰੋਕ-ਟੋਕ ਤੋਂਫਸਲਾਂ ਖਰੀਦਣ ਦੀ ਖੁੱਲ੍ਹ ਦੇ ਦਿੱਤੀ ਗਈ ਹੈ। ਉਨ੍ਹਾ ਕਿਹਾ ਕਿ ਏਸੇ ਲਈ ਐਤਕੀਂ ਕਿਸਾਨ ਧਿਰਾਂ ਆਰ-ਪਾਰ ਦੀ ਲੜਾਈ ਲੜਨਗੀਆਂ।

# ਪੰਜਾਬ ਸਰਕਾਰ ਦਾ ਨਵਾਂ ਫੈਸਲਾ: ਕੁਆਰੰਟਾਈਨ ਦੌਰਾਨ ਗਰੀਬ ਪਰਿਵਾਰਾਂ ਨੂੰ ਖਾਣੇ ਦੇ ਮੁਫਤ ਪੈਕੇਟ ਦਿੱਤੇ ਜਾਣਗੇ

ਚੰਡੀਗੜ੍ਹ, 6 ਸਤੰਬਰ, (ਪੋਸਟ ਬਿਊਰੋ)- ਪੰਜਾਬ ਵਿਚ ਕੋਵਿਡ-19 ਦੇ ਟੈਸਟਾਂ ਕਰਵਾਉਣ ਲਈ ਲੋਕਾਂ ਨੂੰ ਉਤਸ਼ਾਹਤ ਕਰਨ ਵਾਸਤੇ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਅੱਜ ਸ਼ਨਿਚਰਵਾਰ ਉਨ੍ਹਾਂ ਗਰੀਬਾਂ ਲੋਕਾਂਨੂੰ ਘਰੇਲੂ ਕੁਆਰੰਟਾਈਨ ਦੌਰਾਨ ਖਾਣੇ ਦੇ ਮੁਫ਼ਤ ਪੈਕੇਟ ਦੇਣ ਦਾ ਐਲਾਨ ਕੀਤਾ ਹੈ, ਜਿਹੜੇ ਆਪਣੀ ਰੋਜ਼ਾਨਾ ਦਿਹਾੜੀ ਖੁੱਸ ਜਾਣ ਦੇ ਡਰ ਕਾਰਨ ਟੈਸਟ ਕਰਵਾਉਣ ਤੋਂ ਕੰਨੀ ਕਤਰਾ ਰਹੇ ਹਨ। ਉਨ੍ਹਾ ਕਿਹਾ ਕਿ ਮੁਫਤ ਖਾਣੇ ਦੇ ਪੈਕੇਟ ਇਨ੍ਹਾਂ ਗਰੀਬ ਲੋਕਾਂ ਨੂੰ ਜਲਦੀ ਟੈਸਟ ਕਰਵਾਉਣ ਲਈ ਉਤਸ਼ਾਹਤ ਕਰਨਗੇ ਤੇ ਮਹਾਂਮਾਰੀ ਨੂੰ ਰੋਕਣ ਲਈ ਇੰਜ ਕਰਨਾ ਬਹੁਤ ਜ਼ਰੂਰੀ ਹੈ ਅਤੇ ਇਨ੍ਹਾਂ ਟੈੱਸਟਾਂ ਦੇ ਨਾਲ ਹੀ ਪੰਜਾਬ ਵਿੱਚ ਵਧਦੀ ਮੌਤ ਦਰ ਉੱਤੇ ਰੋਕ ਲੱਗ ਸਕਦੀ ਹੈ।

ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਇਹ ਪ੍ਰੋਗਰਾਮ ਪਟਿਆਲਾ ਜ਼ਿਲੇਤੋਂਸ਼ੁਰੂ ਹੋਵੇਗਾ ਜਿਹੜਾ ਝੂਠੇ ਪ੍ਰਚਾਰ ਦੇ ਕਾਰਨ ਸਭ ਤੋਂ ਵੱਧ ਪ੍ਰਭਾਵਤ ਜ਼ਿਲ੍ਹਿਆਂ ਵਿੱਚੋਂ ਇਕ ਹੈ। ਉਨ੍ਹਾਂ ਨੇ ਬਾਕੀ ਜ਼ਿਲ੍ਹਿਆਂ ਨੂੰ ਵੀ ਨਿਰਦੇਸ਼ ਦਿੱਤੇ ਕਿ ਘਰੇਲੂ ਕੁਆਰੰਟਾਈਨਹੋਏ ਗਰੀਬ ਕੋਵਿਡ ਮਰੀਜ਼ਾਂ ਨੂੰ ਇਸੇ ਤਰ੍ਹਾਂ ਮੁਫਤ ਖਾਣੇ ਦੇ ਪੈਕੇਟ ਦੇਣ ਦਾ ਪ੍ਰਬੰਧ ਕਰਨ ਤਾਂ ਜੋ ਲੋਕਾਂ ਨੂੰ ਜਲਦੀ ਟੈਸਟ ਕਰਾਉਣ ਲਈ ਉਤਸ਼ਾਹਤ ਕੀਤਾ ਜਾਵੇ ਅਤੇ ਏਕਾਂਤਵਾਸ ਦੌਰਾਨ ਰੋਜ਼ੀ ਖੁੱਸਣ ਦਾ ਡਰ ਨਾ ਰਹੇ।

ਅੱਜ ਹੋਈ ਵਰਚੂਅਲ ਮੀਟਿੰਗ ਦੌਰਾਨ ਪੰਜਾਬ ਕਾਂਗਰਸ ਦੇ ਪ੍ਰਧਾਨ ਸੁਨੀਲ ਜਾਖੜ ਵੱਲੋਂ ਆਏ ਸੁਝਾਅ ਨੂੰ ਮੰਨਦੇ ਹੋਏ ਮੁੱਖ ਮੰਤਰੀ ਨੇ ਕਿਹਾ ਕਿ ਜ਼ਿਲ੍ਹਾ ਕਾਂਗਰਸ ਕਮੇਟੀਆਂ ਅਤੇ ਸਥਾਨਕ ਵਿਧਾਇਕ ਵੀ ਇਹ ਪੈਕੇਟ ਵੰਡਣ ਵਿੱਚ ਜ਼ਿਲ੍ਹਾ ਪ੍ਰਸ਼ਾਸਨ ਦੀ ਮਦਦ ਕਰਨਗੇ। ਇਹ ਮੀਟਿੰਗ ਪਿੰਡਾਂ ਵਿੱਚ ਕੋਵਿਡ ਬਾਰੇ ਕੀਤੇ ਜਾ ਰਹੇ ਗੁੰਮਰਾਹਕੁਨ ਪ੍ਰਚਾਰ ਨੂੰ ਰੋਕਣ ਦੀ ਯੋਜਨਾ ਬਣਾਉਣ ਵਾਸਤੇ ਆਪਣੀ ਕਿਸਮ ਦੀ ਪਹਿਲੀ ਮੀਟਿੰਗ ਸੀ। ਮੀਟਿੰਗ ਦੌਰਾਨ ਇਹ ਮਹਿਸੂਸ ਕਰਦਿਆਂ ਕਿ ਲੋਕ ਹਸਪਤਾਲਾਂ ਵਿੱਚ ਭਰਤੀ ਹੋਣ ਤੋਂ ਡਰਦੇ ਹਨ, ਮੁੱਖ ਮੰਤਰੀ ਨੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਇਸ ਡਰ ਅਤੇ ਵਹਿਮ ਦਾ ਮੁਕਾਬਲਾ ਕਰਨ ਲਈ ਘਰੇਲੂ ਕੁਆਰੰਟਾਈਨਨੂੰ ਅੱਗੇ ਵਧਾ ਰਹੀ ਹੈ ਤੇ ਇਹ ਫੈਸਲਾ ਕੀਤਾ ਹੈ ਕਿ ਵਿਤਕਰੇਬਾਜ਼ੀ ਰੋਕਣ ਲਈ ਕੋਵਿਡ ਮਰੀਜ਼ਾਂ ਦੇ ਘਰਾਂ ਮੂਹਰੇ ਅੱਗੇ ਤੋਂ ਪੋਸਟਰ ਵੀ ਨਹੀਂ ਲਾਏ ਜਾਣਗੇ।

# ਨਾਜਾਇਜ਼ ਪਿਸਤੌਲ ਨਾਲ ਸੋਸ਼ਲ ਮੀਡੀਆ 'ਤੇ ਪੋਸਟ ਪਾਉਣ ਵਾਲੇ ਦੋ ਜਣੇ ਗ੍ਰਿਫਤਾਰ

ਜਲੰਧਰ, 6 ਸਤੰਬਰ (ਪੋਸਟ ਬਿਊਰੋ)- ਆਪਣੀ ਪੁੜਪੁੜੀ 'ਤੇ ਦੇਸੀ ਪਿਸਤੌਲ ਰੱਖ ਕੇ ਖਿੱਚੀ ਫੋਟੋ ਨੂੰ ਸੋਸ਼ਲ ਮੀਡੀਆ ਉੱਤੇ ਵਾਇਰਲ ਕਰਨ ਦਾ ਕੇਸ ਹੱਲ ਕਰਦੇ ਹੋਏ ਕਮਿਸ਼ਨਰੇਟ ਪੁਲਸ ਦੇ ਸੀ ਆਈ ਏ ਸਟਾਫ ਨੇ ਥਾਣਾ ਭਾਰਗੋ ਕੈਂਪ ਦੀ ਪੁਲਸ ਦੇ ਸਹਿਯੋਗ ਨਾਲ ਦੋ ਜਣਿਆਂ ਨੂੰ ਗ੍ਰਿਫਤਾਰ ਕੀਤਾ ਹੈ, ਜਿਨ੍ਹਾਂ ਦੀ ਪਛਾਣ ਮਨਦੀਪ ਸਿੰਘ ਪੁੱਤਰ ਸੁਖਚੈਨ ਸਿੰਘ ਵਾਸੀ ਕਿਲਾ ਮੁਹੱਲਾ ਬਸਤੀ ਬਾਵਾ ਖੇਲ ਅਤੇ ਰਮਨ ਕੁਮਾਰ ਉਰਫ ਬੱਬੂ ਪੁੱਤਰ ਸੁਭਾਸ਼ ਚੰਦਰ ਵਾਸੀ ਮੁਹੱਲਾ ਮਧੂਬਨ ਕਾਲੋਨੀ, ਬਸਤੀ ਬਾਵਾ ਖੇਲ ਜਲੰਧਰ ਵਜੋਂ ਹੋਈ ਹੈ।

ਸੀ ਆਈ ਏ ਸਟਾਫ ਮੁਖੀ ਹਰਮਿੰਦਰ ਸਿੰਘ ਸੈਣੀ ਅਤੇ ਥਾਣਾ ਭਾਰਗੋ ਕੈਂਪ ਦੇ ਮੁਖੀ ਭਗਵੰਤ ਭੁੱਲਰ ਨੇ ਦੱਸਿਆ ਕਿ ਉਨ੍ਹਾਂ ਨੂੰ ਸੂਚਨਾ ਮਿਲੀ ਸੀ ਕਿ ਰਮਨ ਕੁਮਾਰ ਉਰਫ ਬੱਬੂ ਨੇ ਆਪਣੀ ਪੁੜਪੁੜੀ 'ਤੇ ਪਿਸਤੌਲ ਰੱਖ ਕੇ ਖਿੱਚੀ ਫੋਟੋ ਵਾਇਰਲ ਕੀਤੀ ਹੈ ਅਤੇ ਇਸ ਵਿਚਲੀ ਪਿਸਤੌਲ ਮਨਦੀਪ ਸਿੰਘ ਦੀ ਹੈ। ਇਹ ਵੀ ਪਤਾ ਲੱਗਾ ਸੀ ਕਿ ਦੋਵੇਂ ਜਣੇ ਭਾਰਗੋ ਕੈਂਪ ਦੇ ਖੇਤਰ 'ਚ ਵਾਰਦ-ਾਤ ਕਰਨ ਲਈ ਘੁੰਮ ਰਹੇ ਹਨ। ਪੁਲਸ ਨੇ ਦੋਵਾਂ ਵਿਅਕਤੀਆਂ ਨੂੰ ਨਾਜਾਇਜ਼ ਪਿਸਤੌਲ ਤੇ 12 ਬੋਰ ਦੇ ਇੱਕ ਜ਼ਿੰਦਾ ਰੌਂਦ ਨਾਲ ਗ੍ਰਿਫਤਾਰ ਕਰ ਲਿਆ ਹੈ।

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ? ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated

19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

jobs! jobs! jobs! jobs! jobs!
DUNDAS·JAFINE
HELP WANTED
ਕਾਮਿਆਂ ਦੀ ਲੋੜ
ਜਨਰਲ ਲੇਬਰ ਦਾ ਕੰਮ ਉਪਲੱਬਧ ਹੈ
ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ।
ਤਿੰਨੋਂ ਸ਼ਿਫਟਾਂ : Day ਅਤੇ Afternoon Available ਹਨ
ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿੱਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ
ਅਪਲਾਈ ਕਰਨ ਲਈ ਆਪ ਪਹੁੰਚੋ:
110 Glidden Rd., Brampton
ਜਾਂ ਫੇਰ ਈ-ਮੇਲ ਕਰੋ:
jbrown@dundasjafine.com
kkaur@dundasjafine.com

ShergIll Law Firm
Barrister, Solicitor & Notary Public
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters
Paramjit Singh Gill (MBA,LL.B.)
Tel: 905-790-3636

2565 Steeles Ave E Unit #20, Brampton, ON L6T 4L6

Emergency Contact: 416.910.5676
www.shergilllawfirm.ca

## ਅੱਜ ਨਾਮਾ

ਭਾਰਤ-ਚੀਨ ਦੇ ਮੰਤਰੀ ਮਿਲੇ ਸੁਣਿਆ,
ਕਹਿੰਦੇ ਬਾਤ ਕੁਝ ਅੱਗੇ ਨੂੰ ਤੁਰੀ ਬੇਲੀ।
ਭਾਰਤ ਕਿਹਾ ਸੀ ਚੀਨੀਆਂ ਹਾਕਮਾਂ ਨੂੰ,
ਤੁਸੀਂ ਲੁਕਵੀਂ ਚਲਾਉ ਨਾ ਛੁਰੀ ਬੇਲੀ।
ਟੱਪ ਕੇ ਲਾਈਨ ਤਨਾਅ ਨਾ ਕਰੋ ਪੈਦਾ,
ਗਵਾਂਢੀ ਹੁੰਦਿਆਂ ਬਾਤ ਹੈ ਬੁਰੀ ਬੇਲੀ।
ਦੋਵਾਂ ਮੁਲਕਾਂ ਦੀ ਜਦੋਂ ਵੀ ਸਾਂਝ ਹੋਈ,
ਇਨ੍ਹਾਂ ਕਾਰਿਆਂ ਨਾਲ ਉਹ ਖੁਰੀ ਬੇਲੀ।
ਚੀਨ ਵਾਲੇ ਵੀ ਅੜੀ'ਤੇ ਰਹੇ ਅਟਕੇ,
ਪੁੱਟਦੇ ਪਿੱਛੇ ਨੂੰ ਇੱਕ ਨਾ ਪੈਰ ਬੇਲੀ।
ਬੈਠਕ ਹੁੰਦੀ ਸੁਖਾਵੀਂ ਤਾਂ ਹਰ ਵਾਰੀ,
ਵਿੱਚੋਂ ਲੱਭਦੀ ਫੇਰ ਨਹੀਂ ਖੈਰ ਬੇਲੀ।

**ਤੀਸ ਮਾਰ ਖਾਂ**

# ਪਾਕਿਸਤਾਨ ਵਿੱਚ ਸਰਕਾਰੀ ਟੀ ਵੀ ਚੈਨਲ ਦੀ ਪੱਤਰਕਾਰ ਕੁੜੀ ਦਾ ਕਤਲ

ਇਸਲਾਮਾਬਾਦ, 6 ਸਤੰਬਰ, (ਪੋਸਟ ਬਿਊਰੋ)- ਪਾਕਿਸਤਾਨ ਵਿਚ ਅੱਜ ਸ਼ਨੀਵਾਰ ਨੂੰ ਇਕ ਪੱਤਰਕਾਰ ਬੀਬੀ ਨੂੰ ਗੋਲੀ ਮਾਰ ਕੇ ਮਾਰ ਦਿੱਤਾ ਗਿਆ ਹੈ। ਸ਼ਾਹੀਨਾ ਸ਼ਾਹੀਨ ਬਲੋਚ ਨਾਮ ਦੀ ਇਹ ਪੱਤਰਕਾਰ ਸਰਕਾਰੀ ਟੀਵੀ ਚੈਨਲ ਦੀ ਐਂਕਰ ਤੇ ਰਿਪੋਰਟਰ ਸੀ। ਕੁਝ ਦਿਨ ਪਹਿਲਾਂ ਉਸ ਦਾ ਬਲੋਚਿਸਤਾਨ ਦੇ ਤੁਰਬਤ ਦਾ ਟਰਾਂਸਫਰ ਹੋਇਆ ਸੀ। ਇਸ ਕਤਲ ਵਿਚ ਉਸ ਦੇ ਪਤੀ ਦੇ ਵੀ ਸ਼ਾਮਲ ਹੋਣ ਦਾ ਦੋਸ਼ ਹੈ, ਜਿਹੜਾ ਇਕ ਸਥਾਨਕ ਮੈਗਜ਼ੀਨ ਦਾ ਸੰਪਾਦਕ ਹੈ।

ਪਤਾ ਲੱਗਾ ਹੈ ਕਿ 27 ਸਾਲਾ ਸ਼ਾਹੀਨ ਇਸ ਵਕਤ ਕਵੇਟਾ ਯੂਨੀਵਰਸਿਟੀ ਤੋਂ ਪੀ ਐੱਚ ਡੀ ਕਰ ਰਹੀ ਸੀ। ਇਸ ਤੋਂ ਪਹਿਲਾਂ ਉਹ ਇਸਲਾਮਾਬਾਦ ਵਿਚ ਇਕ ਨਿੱਜੀ ਟੀਵੀ ਚੈਨਲ ਲਈ ਕੰਮ ਕਰਦੀ ਸੀ। ਫਿਰ ਉਸ ਦੀ ਚੋਣ ਸਰਕਾਰੀ ਟੀਵੀ ਚੈਨਲ ਲਈ ਹੋ ਗਈ ਸੀ। ਇਸਲਾਮਾਬਾਦ ਵਿਚ ਕੁਝ ਮਹੀਨੇ ਰਹਿਣ ਪਿੱਛੋਂ ਸ਼ਾਹੀਨ ਦਾ ਟਰਾਂਸਫਰ ਬਲੋਚਿਸਤਾਨ ਦੇ ਤੁਰਬਤ ਵਿਚ ਹੋ ਗਿਆ ਸੀ। ਸ਼ਾਹੀਨ ਦੀ ਹੱਤਿਆ ਉਸ ਦੇ ਘਰ ਵਿਚ ਵੜ ਕੇ ਕੀਤੀ ਗਈ ਹੈ। ਪੁਲਸ ਦੇ ਮੁਤਾਬਕ ਦੋ ਹਮਲਵਾਰ ਉਸ ਦੇ ਘਰ ਪਹੁੰਚੇ ਅਤੇ ਦਰਵਾਜ਼ਾ ਖੋਲ੍ਹਦੇ



ਸਾਰ ਸ਼ਾਹੀਨ ਉੱਤੇ ਗੋਲੀਆਂ ਚਲਾ ਦਿੱਤੀਆਂ। ਸ਼ਾਹੀਨ ਨੂੰ ਪੰਜ ਗੋਲੀਆਂ ਲੱਗੀਆਂ। ਇਸ ਪਿੱਛੋਂ ਇਕ ਅਣਪਛਾਤਾ ਵਿਅਕਤੀ ਉਸ ਨੂੰ ਕਾਰ ਵਿਚ ਲੈ ਕੇ ਹਸਪਤਾਲ ਗਿਆ, ਪਰ ਉਹ ਕੁਝ ਦੇਰ ਬਾਅਦ ਗੱਡੀ ਓਥੇ ਛੱਡ ਕੇ ਫਰਾਰ ਹੋ ਗਿਆ। ਪੁਲਸ ਨੂੰ ਸ਼ਾਹੀਨ ਦੇ ਘਰ ਵਿੱਚੋਂ ਖੂਨ, ਇਕ ਖਾਲੀ ਗੋਲੀ ਦਾ ਖੋਲ ਤੇ ਇਕ ਗੋਲੀ ਮਿਲੀ ਹੈ, ਜਿਸ ਬਾਰੇ ਜਾਂਚ ਕੀਤੀ ਜਾ ਰਹੀ ਹੈ। ਸ਼ਾਹੀਨ ਦੇ ਪਰਿਵਾਰ ਨੇ ਇਸ ਕਤਲ ਬਾਰੇ ਕੁਝ ਲੋਕਾਂ ਦੇ ਖਿਲਾਫ਼ ਸ਼ਿਕਾਇਤ ਕੀਤੀ ਹੈ, ਜਿਨ੍ਹਾਂ ਵਿਚ ਸ਼ਾਹੀਨ ਦੇ ਪਤੀ ਦਾ ਨਾਮ ਵੀ ਹੈ। ਕਿਹਾ ਜਾਂਦਾ ਹੈ ਕਿ ਉਸ ਦੇ ਪਤੀ ਮਹਿਰਾਬ ਨੇ ਉਸ ਨੂੰ ਮਰਵਾਇਆ ਹੈ, ਕਿਉਂਕਿ ਬਲੋਚਿਸਤਾਨ ਵਿਚ ਸ਼ਾਹੀਨ ਕਾਫੀ ਮਸ਼ਹੂਰ ਹੋ ਰਹੀ ਸੀ। ਸਾਲ 2018 ਦੀ ਇਕ ਰਿਪੋਰਟ ਮੁਤਾਬਕ ਬਲੋਚਿਸਤਾਨ ਵਿਚ ਖਾਨਦਾਨ ਦੀ ਇੱਜ਼ਤ ਦੇ ਨਾਮ ਉੱਤੇ 30 ਔਰਤਾਂ ਸਣੇ 50 ਲੋਕ ਮਾਰੇ ਗਏ ਸਨ। ਇਹ ਰਿਪੋਰਟ ਦੀ ਆਰਾਤ ਫਾਉਂਡੇਸ਼ਨ ਨੇਬਣਾਈ ਸੀ। ਇਹ ਸੰਗਠਨ ਔਰਤਾਂ ਦੇ ਅਧਿਕਾਰਾਂ ਦੀਰੱਖਿਆ ਲਈ ਕੰਮ ਕਰਦਾ ਸੀ। ਹੋਰ ਰਿਪੋਰਟਾਂ ਮੁਤਾਬਕ 1992 ਤੋਂਅੱਜ ਤੱਕ ਦੇ 28 ਸਾਲਾਂ ਵਿਚ ਪਾਕਿਸਤਾਨ ਵਿਚ 61 ਪੱਤਰਕਾਰਾਂ ਦਾ ਕਤਲ ਕੀਤਾ ਜਾ ਚੁੱਕਾ ਹੈ।

## ਭਗਵੰਤ ਫਿਰ ਬਾਦਲਾਂ ਉੱਤੇ ਭੜਕਿਆ: ਕੇਂਦਰ ਦੀ ਵਜ਼ੀਰੀ ਪਿੱਛੇ ਪੰਜਾਬ ਤੇ ਪੰਜਾਬੀਆਂ ਦੇ ਹਿੱਤਾਂ ਨੂੰ ਪਿੱਠ ਦੇਣ ਦਾ ਦੋਸ਼ ਲਾਇਆ

*** ਪੰਜਾਬ ਸਰਕਾਰ ਨੂੰ ਹਰ ਫ਼ਰੰਟ ਉੱਤੇ ਫੇਲ੍ਹ ਹੋਈ ਆਖਿਆ**

ਚੰਡੀਗੜ੍ਹ, 6 ਸਤੰਬਰ, (ਪੋਸਟ ਬਿਊਰੋ)- ਪੰਜਾਬ ਦੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਵੱਲੋਂ ਕੇਂਦਰ ਸਰਕਾਰ ਦੇ ਆਰਡੀਨੈਂਸਾਂ ਦੀ ਹਮਾਇਤ ਕਰਨ ਤੇ ਜੰਮੂ-ਕਸ਼ਮੀਰ ਵਿੱਚ ਪੰਜਾਬੀ ਭਾਸ਼ਾ ਨੂੰ ਸਰਕਾਰੀ ਮਾਨਤਾ ਨਾ ਮਿਲਣ ਬਾਰੇ ਚੁੱਪ ਰਹਿਣ ਦਾ ਮੁੱਦਾ ਚੁੱਕ ਕੇ ਆਮ ਆਦਮੀ ਪਾਰਟੀ ਦੇ ਪੰਜਾਬ ਦੇ ਮੁਖੀ ਭਗਵੰਤ ਮਾਨ ਨੇ ਇੱਕ ਵਾਰ ਫਿਰ ਅਕਾਲੀ ਦਲ ਦੀ ਨੁਕਤਾਚੀਨੀ ਕੀਤੀ ਅਤੇ ਪੰਜਾਬਤੇ ਪੰਜਾਬੀਆਂ ਦੇ ਹਿੱਤਾਂ ਨੂੰ ਪਿੱਠ ਦੇ ਜਾਣ ਦਾ ਦੋਸ਼ ਲਾਇਆ ਹੈ।

ਭਗਵੰਤ ਮਾਨ ਨੇ ਕਿਹਾ ਹੈ ਕਿ ਜੰਮੂ-ਕਸ਼ਮੀਰ ਵਿੱਚ ਪੰਜਾਬੀ ਭਾਸ਼ਾ ਨਾਲ ਬੇਇਨਸਾਫੀ ਦਾ ਮੁੱਦੇ ਪਾਰਲੀਮੈਂਟ ਦੇ ਇਸ ਮੌਨਸੂਨ ਸੈਸ਼ਨ ਵਿੱਚ ਚੁੱਕਣਗੇ। ਉਨ੍ਹਾਂ ਇਸ ਮੁੱਦੇ ਲਈ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਕੋਲ ਪਹੁੰਚ ਕਰਨ ਦੀ ਗੱਲ ਵੀ ਆਖੀ ਹੈ। ਇਸ ਮੌਕੇ ਉਨ੍ਹਾਂ ਨੇ ਇਹ ਬਿੱਲ ਪਾਸ ਹੋਣ ਵੇਲੇ ਕੇਂਦਰੀ ਕੈਬਨਿਟ ਮੰਤਰੀ ਹਰਸਿਮਰਤ ਕੌਰ ਬਾਦਲ ਵੱਲੋਂਚੁੱਪ ਰਹਿਣਕਾਰਨ ਬਾਦਲ ਪਰਵਾਰ ਉੱਤੇ ਨਿਸ਼ਾਨਾ ਸਾਧਿਆ ਤੇ ਕਿਹਾ ਕਿਜਦੋਂ ਕੇਂਦਰਨੇ ਪੰਜਾਬੀ ਭਾਸ਼ਾ ਸ਼ਾਮਲ ਕੀਤੇ ਬਿਨਾਂ ਜੰਮੂ-ਕਸ਼ਮੀਰ ਦਾ ਇਹ ਬਿੱਲ ਪ੍ਰਵਾਨ ਕੀਤਾ ਸੀ, ਓਦੋਂ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਕਿੱਥੇ ਸਨ? ਜੇ ਉਹ ਓਥੇਸਨ ਤਾਂ ਪੰਜਾਬੀ ਨਾਲ ਵਿਤਕਰੇ ਬਾਰੇ ਚੁੱਪ ਕਿਉਂ ਰਹੇ ਤੇ ਵਿਰੋਧ ਕਿਉਂ ਨਾ ਕੀਤਾ? ਮਾਨ ਨੇ ਕਿਹਾ ਕਿ ਅਪਣੀ ਨੂੰਹ ਦੀ ਕੁਰਸੀ ਲਈ ਬਾਦਲ ਪਰਵਾਰ ਨੇ ਪੰਜਾਬੀ ਭਾਸ਼ਾਅਤੇ ਪੰਜਾਬ ਦੇ ਹਿਤਾਂ ਦੀ ਬਲੀ ਦੇ ਦਿਤੀ ਹੈ। ਉਨ੍ਹਾ ਕਿਹਾ ਕਿ ਇੱਕ ਦਿਨ ਪਹਿਲਾਂ ਚੁੱਪ ਤੋੜਨ ਵੇਲੇ ਪ੍ਰਕਾਸ਼ ਸਿੰਘ ਬਾਦਲ ਨੇ ਵੀ ਪੰਜਾਬੀ ਭਾਸ਼ਾ ਅਤੇ ਪੰਜਾਬੀ ਲੋਕਾਂ ਦੇ ਹਿੱਤਾਂ ਦੀ ਕੋਈ ਗੱਲ ਨਹੀਂ ਸੀ ਕੀਤੀ ਤੇ ਸਿਰਫ ਕੇਂਦਰ ਦੇ ਆਰਡੀਨੈਂਸਾਂ ਦੀ ਹਮਾਇਤ ਕਰਨ ਤੱਕ ਸੀਮਤ ਰਹੇ ਸਨ।

ਭਗਵੰਤ ਮਾਨ ਨੇ ਚੇਤੇ ਕਰਾਇਆ ਕਿ ਪਿਛਲੇ ਸਮੇਂ ਵਿੱਚ ਕੇਂਦਰ ਵਲੋਂ ਖੇਤੀ ਬਾਰੇ ਆਰਡੀਨੈਂਸ ਜਾਰੀ ਕਰਨ ਸਮੇਂ ਵੀ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਚੁੱਪ ਰਹਿ ਕੇ ਕੇਂਦਰ ਸਰਕਾਰ ਦੀ ਹਮਾਇਤ ਕਰਦੀ ਰਹੀ ਸੀ ਤੇ ਕੇਂਦਰ ਦੇ ਤਾਜ਼ਾ ਕਦਮ ਨਾਲ ਜਦੋਂ ਜੰਮੂ ਕਸ਼ਮੀਰ ਵਿੱਚ ਸਦੀਆਂ ਤੋਂਵੱਸਦੇ ਲੱਖਾਂ ਪੰਜਾਬੀ ਬੋਲਦੇ ਪਰਵਾਰਾਂ ਨਾਲ ਧੱਕਾ ਹੋਇਆ ਹੈ ਤਾਂ ਉਹ ਫਿਰ ਚੁੱਪ ਰਹੀ ਹੈ। ਮਾਨ ਕਿਹਾ ਕਿ ਉਹ ਮੌਨਸੂਨ ਸੈਸ਼ਨ ਵਿੱਚ ਇਹ ਮੁੱਦਾ ਚੁੱਕਣਗੇ। ਉਨ੍ਹਾਂ ਨੇ ਸਾਰੇ ਪੰਜਾਬੀ ਪਾਰਲੀਮੈਂਟ ਮੈਂਬਰਾਂ ਨੂੰ ਮੌਨਸੂਨ ਸੈਸ਼ਨ ਮੌਕੇ ਇਕੱਠੇ ਹੋ ਕੇ ਇਹ ਮੁੱਦਾ ਚੁੱਕਣ ਦੀ ਅਪੀਲ ਕੀਤੀ ਹੈ।

ਇਸ ਦੌਰਾਨ ਆਮ ਆਦਮੀ ਪਾਰਟੀ ਨੇ ਪੰਜਾਬ ਵਿੱਚ ਕਾਂਗਰਸ ਦੀ ਸਰਕਾਰ ਨੂੰ ਹਰ ਫ਼ਰੰਟ ਉੱਤੇ ਫ਼ੇਲ ਕਹਿ ਕੇ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦੀਆਂ ਮੰਗਾਂ ਤੇ ਮੁਸ਼ਕਲਾਂ ਬਾਰੇ ਵਿੱਤ ਮੰਤਰੀ ਮਨਪ੍ਰੀਤ ਸਿੰਘ ਦੀ ਨਿੰਦਾ ਕੀਤੀ ਹੈ। ਪਾਰਟੀ ਦੇ ਸੂਬਾ ਦਫਤਰਤੋਂ ਜਾਰੀ ਬਿਆਨ ਵਿੱਚ ਪਾਰਟੀ ਦੇ ਵਿਧਾਇਕ ਪ੍ਰਿੰਸੀਪਲ ਬੁੱਧ ਰਾਮ ਤੇ ਮਾਸਟਰ ਬਲਦੇਵ ਸਿੰਘ ਨੇ ਕਿਹਾ ਕਿ ਕਾਂਗਰਸ ਦੀ ਰਾਜਾਸ਼ਾਹੀ ਸਰਕਾਰ ਨੇ ਬਾਕੀ ਵਰਗਾਂ ਵਾਂਗ ਮੁਲਾਜ਼ਮਾਂ ਤੇ ਪੈਨਸ਼ਨਰਾਂ ਨੂੰ ਵੀਬਹੁਤ ਜ਼ਲੀਲ ਤੇ ਨਿਰਾਸ਼ ਕੀਤਾ ਹੈ। ਦੋਵਾਂ ਵਿਧਾਇਕਾਂ ਨੇ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੂੰ ਨਿਕੰਮਾ ਤੇ ਲਿਫਾਫੇਬਾਜ਼ ਮੰਤਰੀ ਕਹਿ ਕਿ ਉਸ ਨੂੰ ਸਿਰਫ਼ 'ਗੱਲਾਂ ਦਾ ਕੜਾਹ' ਬਣਾਉਣਵਾਲਾ ਕਿਹਾ ਅਤੇ ਦੋਸ਼ ਲਾਇਆ ਕਿ ਉਸ ਕੋਲ ਵਿੱਤ ਮੰਤਰੀ ਦਾ 8-9 ਸਾਲ ਦਾ ਤਜਰਬਾ ਹੋਣ ਦੇ ਬਾਵਜੂਦ ਉਹ ਕੁਝ ਨਹੀਂ ਕਰਨ ਜੋਗਾ।

## ਪਾਵਨ ਸਰੂਪਾਂ ਦੇ ਗਾਇਬ ਹੋਣ ਦਾ ਮਾਮਲਾ: ਸ਼੍ਰੋਮਣੀ ਕਮੇਟੀ ਦੋਸ਼ੀਆਂ ਵਿਰੁੱਧ ਕਾਨੂੰਨੀ ਕਾਰਵਾਈ ਕਰਨ ਤੋਂ ਭੱਜ ਨਿਕਲੀ

*** ਸਿਰਫ ਛੇ ਦਿਨਾਂ ਵਿੱਚ ਸ਼੍ਰੋਮਣੀ ਕਮੇਟੀ ਨੇ ਯੂ ਟਰਨ ਮਾਰਿਆ**

ਅੰਮ੍ਰਿਤਸਰ, 6 ਸਤੰਬਰ, (ਪੋਸਟ ਬਿਊਰੋ)- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ 328 ਸਰੂਪ ਗਾਇਬ ਹੋਣ ਬਾਰੇ ਯੂ-ਟਰਨ ਲੈਂਦਿਆਂ ਕਾਨੂੰਨੀ ਕਾਰਵਾਈ ਕਰਾਉਣ ਦਾ ਫੈਸਲਾ ਬਦਲ ਲਿਆ ਹੈ।

ਅੱਜ ਏਥੇ ਹੋਈ ਸ਼੍ਰੋਮਣੀ ਕਮੇਟੀ ਦੀ ਅੰਤ੍ਰਿੰਗ ਕਮੇਟੀ ਦੀ ਮੀਟਿੰਗ ਬਾਰੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਖੁਦ ਹੀ ਕਾਰਵਾਈ ਕਰਨ ਦੇ ਸਮਰੱਥ ਹੈ, ਇਸ ਕਰ ਕੇ ਕਿਸੇ ਦੇ ਵਿਰੁੱਧਕੋਈ ਕਾਨੂੰਨੀ ਕਾਰਵਾਈ ਨਹੀਂ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਇਸ ਬਾਰੇ ਜੋ ਬਣਦੀ ਕਾਰਵਾਈ ਕਰਨ ਦੀ ਲੋੜ ਹੋਈ, ਉਹ ਸ਼੍ਰੋਮਣੀ ਕਮੇਟੀ ਖੁਦ ਕਰੇਗੀ। ਲੌਂਗੋਵਾਲ ਨੇ ਕਿਹਾ ਕਿ ਸਰੂਪ ਗਾਇਬ ਹੋਣ ਦੀ ਰਿਪੋਰਟ ਜਾਰੀ ਕਰ ਦਿਤੀ ਗਈ ਹੈ। ਉਨ੍ਹਾਂ ਨੇ ਇਸ ਬਾਰੇ ਠੋਸ ਕਾਰਵਾਈ ਦਾ ਭਰੋਸਾ ਦੇਂਦੇ ਹੋਏ ਕਿਹਾ ਕਿ ਜਾਂਚ ਕਮਿਸ਼ਨ ਦੀ ਰਿਪੋਰਟ-ਨਾਲ ਜਿਹੜੀਆਂਘਾਟਾਂ ਦਾ ਪਤਾ ਲੱਗਾ ਹੈ, ਸ਼੍ਰੋਮਣੀ ਕਮੇਟੀ ਉਨ੍ਹਾਂ ਨੂੰ ਦੂਰ ਕਰੇਗੀ ਅਤੇ ਕੋਈ ਵੀ ਦੋਸ਼ੀ ਬਖਸ਼ਿਆ ਨਹੀਂ ਜਾਵੇਗਾ।

ਇਸ ਦੌਰਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਇਹ ਹੈਰਾਨੀ ਵਾਲੀ ਗੱਲ ਵੀ ਕਹਿ ਦਿੱਤੀ ਕਿ ਕੋਈ ਵੀ ਪਾਵਨ ਸਰੂਪ ਕਿਤੇ ਗਿਆ ਹੀ ਨਹੀਂ, ਸਿਰਫ ਸ਼੍ਰੋਮਣੀ ਕਮੇਟੀ ਦੇ ਕੁਝ ਮੁਲਾਜ਼ਮਾਂ ਦੀਆਂ ਬੇਨਿਯਮੀਆਂ ਅਤੇ ਲਾਲਚਵੱਸ ਇਨ੍ਹਾਂ ਸਰੂਪਾਂ ਦੇ ਬਦਲੇ ਮਿਲੀ ਭੇਟਾ ਨੂੰ ਰਿਕਾਰਡ ਵਿਚ ਨਹੀਂਸੀ ਚਾੜ੍ਹਿਆ ਗਿਆ। ਉਨ੍ਹਾਂ ਸਿੱਖ ਸੰਗਤਾਂ ਤੋਂਇਸ ਦੀਮੁਆਫ਼ੀ ਮੰਗਦੇ ਹੋਏ ਕਿਹਾ ਕਿ ਸ਼੍ਰੋਮਣੀ ਕਮੇਟੀ ਦੀ ਸਾਰੀ ਕਾਰਜਕਾਰੀ ਕਮੇਟੀ 18 ਸਤੰਬਰ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਉੱਤੇ ਜਾ ਕੇ ਖਿਮਾ ਯਾਚਨਾ ਕਰੇਗੀ ਅਤੇ ਦੋਸ਼ੀ ਅਧਿਕਾਰੀਆਂ ਨੂੰ ਵੀ ਏਦਾਂ ਹੀ ਕਰਨ ਨੂੰ ਕਿਹਾ ਗਿਆ ਹੈ।

ਵਰਨਣ ਯੋਗ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 328 ਸਰੂਪ ਗਾਇਬ ਹੋਣ ਦੇ ਕੇਸ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਕੁਝ ਦਿਨ ਪਹਿਲਾਂ ਵੱਡੀ ਕਾਰਵਾਈ ਕਰਦੇ ਹੋਏ ਆਪਣੇ ਚੀਫ ਸੈਕਟਰੀ ਸਣੇ ਕਈ ਅਧਿਕਾਰੀਆਂ ਦੇ ਵਿਰੁੱਧ ਐਕਸ਼ਨ ਲਿਆ ਸੀ। ਇਸ ਦੇ ਬਾਅਦ ਸ਼੍ਰੋਮਣੀ ਕਮੇਟੀ ਦੇ ਚੀਫ ਸੈਕਟਰੀ ਰੂਪ ਸਿੰਘ ਨੇ ਅਸਤੀਫਾ ਦੇ ਦਿਤਾ ਸੀ। ਇਹੀ ਨਹੀਂ, ਸਾਬਕਾ ਚੀਫ ਸੈਕਟਰੀ ਹਰਚਰਨ ਸਿੰਘ ਦੇ ਖਿਲਾਫ਼ ਵੀ ਕਾਨੂੰਨੀ ਕਰਨ ਦਾ ਫ਼ੈਸਲਾ ਕੀਤਾ ਗਿਆ ਸੀ, ਜਿਨ੍ਹਾਂ ਦਾ ਅੱਜ, ਸ਼ੁੱਕਰਵਾਰ ਤੇ ਸ਼ਨੀਵਾਰ ਦੀ ਵਿਚਕਾਰਲੀ ਰਾਤ ਦਿਲ ਦੇ ਦੌਰੇ ਨਾਲ ਦਿਹਾਂਤ ਹੋ ਗਿਆ ਹੈ ਅਤੇ ਉਨ੍ਹਾਂ ਦੀ ਇਸ ਅਚਾਨਕ ਮੌਤ ਉੱਤੇ ਵੀ ਸਵਾਲ ਉਠਣ ਲੱਗੇ ਹਨ ਤੇ ਕਈ ਧਿਰਾਂ ਨੇ ਹਰਚਰਨ ਸਿੰਘ ਦੀ ਮੌਤ ਦੀ ਉੱਚ ਪੱਧਰੀ ਜਾਂਚ ਦੀ ਮੰਗ ਕੀਤੀ ਹੈ। ਇਹ ਮੁੱਦਾ ਅਗਲੇ ਦਿਨਾਂ ਵਿੱਚ ਵਿਵਾਦ ਦਾ ਵਿਸ਼ਾ ਵੀ ਬਣ ਸਕਦਾ ਹੈ।

## ਓਲੰਪਿਕ ਚੈਂਪੀਅਨ ਫਰਾਹ ਤੇ ਹਸਨ ਨੇ ਅਥਲੈਟਿਕਸ ਵਿੱਚ ਵਿਸ਼ਵ ਰਿਕਾਰਡ ਬਣਾਇਆ

*** ਕੀਨੀਆ ਦੀ ਜੇਪਚਿਰਚਿਰ ਨੇ ਵੀ ਹਾਫ ਮੈਰਾਥਨ ਰਿਕਾਰਡ ਬਣਾਇਆ**

ਬਰਸਲਜ਼, 6 ਸਤੰਬਰ, (ਪੋਸਟ ਬਿਊਰੋ)- ਆਮ ਦਰਸ਼ਕਾਂ ਦੀ ਗ਼ੈਰ-ਹਾਜ਼ਰੀ ਵਿੱਚ ਚਾਰ ਵਾਰ ਦੇ ਓਲੰਪਿਕ ਚੈਂਪੀਅਨ ਮੋ ਫਰਾਹ ਅਤੇ ਸਿਫਾਨ ਹਸਨ ਨੇ ਦ ਡਾਇਮੰਡ ਲੀਗ ਏਜੀ ਮੈਮੋਰੀਅਲ ਵੈਨ ਡੈਮ ਅਥਲੈਟਿਕਸ ਮੀਟ ਵਿੱਚ ਇਕ ਘੰਟੇ ਦੀ ਦੌੜ ਵਿਚ ਅੱਜ ਏਥੇ ਨਵਾਂ ਵਿਸ਼ਵ ਰਿਕਾਰਡ ਕਾਇਮ ਕਰ ਦਿੱਤਾ ਹੈ।

ਪਿਛਲੇ ਕੁਝ ਮਹੀਨਿਆਂ ਤੋਂ ਚੱਲ ਰਹੀ ਕੋਰੋਨਾ ਵਾਇਰਸ ਦੇ ਮਹਾਮਾਰੀ ਕਾਰਨ ਦਰਸ਼ਕਾਂ ਦੀ ਗੈਰ ਹਾਜ਼ਰੀ ਵਿੱਚ ਕਰਵਾਈ ਜਾ ਰਹੀਇਸ ਚੈਂਪੀਅਨਸ਼ਿਪ ਵਿਚ ਨੀਦਰਲੈਂਡ ਦੀ ਹਸਨ ਨੇ ਔਰਤਾਂ ਦੀ ਦੌੜ ਵਿਚ ਇਥੋਪੀਆ ਦੀ ਡਿਰੇ ਟੂਨੇ ਦਾ 18.517 ਕਿਲੋਮੀਟਰ ਦਾ ਰਿਕਾਰਡ ਤੋੜ ਕੇ ਇਕ ਘੰਟੇ ਵਿਚ 18.930 ਕਿਲੋਮੀਟਰ ਦੂਰੀ ਤੈਅ ਕੀਤੀ ਹੈ। ਡਿਰੇ ਨੇ 2008 ਵਿਚ ਓਸਤਰਾਵਾ ਗੋਲਡਨ ਸਪਾਈਕ ਮੀਟਿੰਗ ਵਿਚ ਇਹ ਰਿਕਾਰਡ ਬਣਾਇਆ ਸੀ। ਇਸ ਅਥਲੈਟਿਕਸ ਮੀਟ ਦੀ ਆਖ਼ਰੀ ਦੌੜ ਡਾਇਮੰਡ ਲੀਗ ਸੀਰੀਜ਼ ਦਾ ਹਿੱਸਾ ਸੀ, ਜਿੱਥੇ ਫਰਾਹ ਨੇ ਹੈਲੇ ਗੇਬਰਸੇਲੱਸੀ ਦਾ 13 ਸਾਲਾ ਰਿਕਾਰਡ ਤੋੜਿਆ। ਗੇਬਰਸੇਲੱਸੀ ਨੇ 21.285 ਕਿਲੋਮੀਟਰ ਦੌੜ ਦਾ ਰਿਕਾਰਡ ਕਾਇਮ ਕੀਤਾ ਸੀ।ਇਸ ਦੌਰਾਨ ਬਸ਼ੀਰ ਅਬਦੀ ਦੇ ਨਾਲ ਦੌੜਦੇ ਹੋਏ ਸੋਮਾਲਿਆਈ ਮੂਲ ਦੇ ਬ੍ਰਿਟਿਸ਼ ਦੌੜਾਕ ਫਰਾਹ ਨੇ 21.330 ਕਿਲੋਮੀਟਰ ਦੀ ਦੂਰੀ ਤੈਅ ਕੀਤੀ ਹੈ। ਅਬਦੀ ਇਸ ਮੌਕੇ ਫਰਾਹਤੋਂ ਅੱਠ ਮੀਟਰ ਪਿੱਛੇ ਰਹੇ।

ਦੂਸਰੇ ਪਾਸੇ ਕੀਨੀਆ ਦੀ ਪੇਰੇਸ ਜੇਪਚਿਰਚਿਰ ਨੇ ਔਰਤਾਂ ਦੀ ਹਾਫ ਮੈਰਾਥਨ ਰੇਸ ਵਿਚ ਇਕ ਘੰਟੇ ਪੰਜ ਮਿੰਟ ਤੇ 34 ਸਕਿੰਟ ਨਾਲ ਵਿਸ਼ਵ ਰਿਕਾਰਡ ਬਣਾਇਆ ਹੈ। 26 ਸਾਲਾ ਜੇਪਚਿਰਚਿਰ ਨੇ ਸ਼ਨਿਚਰਵਾਰ ਸਵੇਰ ਚੈੱਕ ਗਣਰਾਜ ਦੀ ਰਾਜਧਾਨੀ ਦੇ ਲੇਟਨਾ ਪਾਰਕ ਵਿਚ 16.5 ਲੈਪ ਦੇ ਕੋਰਸ ਉੱਤੇ ਇਹ ਰਿਕਾਰਡ ਬਣਾਇਆ। ਇਸ ਤੋਂ ਪਿਛਲਾ ਰਿਕਾਰਡ ਇਥੋਪੀਆ ਦੀ ਨੇਟਸਾਨੇਟ ਗੁਡੇਟਾ ਦੇ ਨਾਂ ਸੀ, ਜਿਹੜਾ ਉਸ ਨੇ 2018 ਵਿਚ ਸਪੇਨ ਦੇ ਵਾਲੇਂਸੀਆ ਵਿਚ ਹੋਈ ਵਿਸ਼ਵ ਹਾਫ ਮੈਰਾਥਨ ਚੈਂਪੀਅਨਸ਼ਿਪ ਵਿਚ ਇਕ ਘੰਟੇ ਛੇ ਮਿੰਟ ਅਤੇ 11 ਸਕਿੰਟ ਨਾਲ ਬਣਾਇਆ ਸੀ।

## 1984 ਦਾ ਸਿੱਖ ਵਿਰੋਧੀ ਦੰਗਾ ਕੇਸ: ਪ੍ਰਮੁੱਖ ਦੋਸ਼ੀ ਤੇ ਉਮਰ ਕੈਦੀ ਸੱਜਣ ਕੁਮਾਰ ਨੂੰ ਸੁਪਰੀਮ ਕੋਰਟ ਨੇ ਫਿਰ ਜ਼ਮਾਨਤ ਨਹੀਂ ਦਿੱਤੀ

ਨਵੀਂ ਦਿੱਲੀ, 6 ਸਤੰਬਰ, (ਪੋਸਟ ਬਿਊਰੋ)-ਸਾਬਕਾ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਕਤਲ ਮਗਰੋਂ ਹੋਏ 1984 ਸਿੱਖ ਵਿਰੋਧੀ ਦੰਗਿਆਂ ਦੇ ਇਕ ਕੇਸ ਵਿੱਚ ਉਮਰ ਕੈਦ ਕੱਟ ਰਹੇ ਕਾਂਗਰਸ ਦੇ ਸਾਬਕਾ ਪਾਰਲੀਮੈਂਟ ਮੈਂਬਰ ਸੱਜਣ ਕੁਮਾਰ ਨੂੰ ਅੱਜ ਵੀ ਸੁਪਰੀਮ ਕੋਰਟ ਤੋਂ ਰਾਹਤ ਨਹੀਂ ਮਿਲੀ। ਕੋਰਟ ਨੇ ਉਨ੍ਹਾਂ ਦੀ ਜ਼ਮਾਨਤ ਤੋਂ ਇਨਕਾਰ ਕਰ ਦਿੱਤਾ ਹੈ।

ਦਿੱਲੀ ਦੇ ਸਾਬਕਾ ਕਾਂਗਰਸੀ ਨੇਤਾ ਅਤੇ ਸਾਬਕਾ ਪਾਰਲੀਮੈਂਟ ਮੈਂਬਰ ਸੱਜਣ ਕੁਮਾਰ(75 ਸਾਲ) ਨੂੰ ਸਿੱਖ ਵਿਰੋਧੀ ਦੰਗਿਆਂ ਦੇ ਇਕ ਕੇਸ ਵਿੱਚ ਉਮਰ ਕੈਦ ਦੀ ਸਜ਼ਾ ਹੋਈ ਸੀ ਅਤੇ ਉਹ ਮੰਡੋਲੀ ਜੇਲ ਵਿੱਚ ਬੰਦ ਹੈ। ਸੁਪਰੀਮ ਕੋਰਟ ਨੇ ਅੱਜ ਸ਼ੁੱਕਰਵਾਰ ਨੂੰ ਉਸ ਦੀ ਪਟੀਸ਼ਨ ਉੱਤੇ ਸੁਣਵਾਈ ਦੌਰਾਨ ਜ਼ਮਾਨਤ ਦੇਣ ਤੋਂ ਇਨਕਾਰ ਕਰ ਕੇ ਕਿਹਾ ਕਿ ਉਨ੍ਹਾਂ ਦੀ ਜ਼ਮਾਨਤ ਪਟੀਸ਼ਨ ਉੱਤੇ ਕੋਰਟ ਵਿੱਚ ਸਹੀ ਢੰਗ ਨਾਲ ਕੰਮ ਸ਼ੁਰੂ ਹੋਣ ਉੱਤੇ ਹੀ ਸੁਣਵਾਈ ਹੋ ਸਕਦੀ ਹੈ।

ਵਰਨਣ ਯੋਗ ਹੈ ਕਿ ਕੋਰੋਨਾ ਵਾਇਰਸ ਦੇ ਕਾਰਨ ਸੁਪਰੀਮ ਕੋਰਟ ਵਿੱਚ ਕੇਵਲ ਜ਼ਰੂਰੀ ਕੇਸਾਂ ਦੀ ਸੁਣਵਾਈ ਹੋਣ ਤੋਂ ਇਲਾਵਾ ਬਾਕੀ ਸਭ ਕੇਸਾਂ ਦੀ ਸੁਣਵਾਈ ਰੁਕੀ ਹੋਈ ਹੈ। ਸੱਜਣ ਕੁਮਾਰ ਨੇ ਆਪਣੀ ਵੱਡੀ ਉਮਰ ਅਤੇ ਖਰਾਬ ਸਿਹਤ ਦਾ ਹਵਾਲਾ ਦੇ ਕੇ ਬੀਤੇ ਮਾਰਚ ਵਿੱਚ ਜ਼ਮਾਨਤ ਦੀ ਅਰਜ਼ੀ ਦਿੱਤੀ ਸੀ। ਸੁਪਰੀਮ ਕੋਰਟ ਨੇ ਉਸ ਨੂੰ ਹਸਪਤਾਲ ਵਿੱਚ ਰੱਖੇ ਜਾਣ ਦੀ ਅਪੀਲ ਵੀ ਨਹੀਂਮੰਨੀਤੇ ਉਸ ਨੂੰ ਜੇਲ੍ਹ ਵਿੱਚ ਹੀ ਰਹਿਣਾ ਪਵੇਗਾ। ਸਾਬਕਾ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ 1984 ਵਿੱਚਹੱਤਿਆਤੋਂ ਬਾਅਦ ਦਿੱਲੀ ਵਿੱਚ ਭੜਕੇ ਦੰਗਿਆਂ ਦੇ ਇਕ ਕੇਸ ਵਿੱਚ ਸੱਜਣ ਕੁਮਾਰ ਨੂੰ ਉਮਰ ਕੈਦ ਹੋਈ ਸੀ। ਸੁਪਰੀਮ ਕੋਰਟ ਨੇ ਸੱਜਣ ਕੁਮਾਰ ਨੂੰ ਜ਼ਮਾਨਤ ਤੋਂ ਇਨਕਾਰ ਕਰ ਕੇ ਉਸ ਦੀ ਮੈਡੀਕਲ ਰਿਪੋਰਟ ਮੰਗੀ ਤਾਂ ਇਸ ਵਿੱਚ ਕਿਹਾ ਗਿਆ ਸੀ ਕਿ ਉਸ ਨੂੰ ਹਸਪਤਾਲ ਵਿੱਚ ਦਾਖ਼ਲ ਹੋਣ ਦੀ ਹਾਲ ਦੀ ਘੜੀ ਕੋਈ ਜ਼ਰੂਰਤ ਨਹੀਂ ਹੈ।

## ਜਨਮ ਦੇਣ ਵਾਲੀ ਚੱਲ ਵੱਸੀ, ਪਰਿਵਾਰ ਬੱਚੀ ਨੂੰ ਹਸਪਤਾਲ ਛੱਡ ਕੇ ਖਿਸਕ ਗਿਆ


ਅੰਮ੍ਰਿਤਸਰ, 6 ਸਤੰਬਰ (ਪੋਸਟ ਬਿਊਰੋ)- ਧੀਆਂ ਬਾਰੇ ਸਮਾਜ ਵਿੱਚ ਵੀ ਲੋਕਾਂ ਦੀ ਸੋਚ ਨਹੀਂ ਬਦਲਦੀ। ਤਾਜ਼ਾ ਮਿਸਾਲ ਗੁਰੂ ਨਾਨਕ ਦੇਵ ਹਸਪਤਾਲ ਦੀ ਹੈ, ਜਿੱਥੇ ਇੱਕ ਔਰਤ ਦੀ ਡਿਲੀਵਰੀ ਹੋਈ। ਬੇਟੀ ਪੈਦਾ ਹੋਣ ਸਾਰ ਉਸ ਔਰਤ ਦੀ ਮੌਤ ਹੋ ਗਈ ਅਤੇ ਬੱਚੀ ਨੂੰ ਪਰਵਾਰ ਵਾਲੇ ਹਸਪਤਾਲ ਵਿੱਚ ਛੱਡ ਕੇ ਖਿਸਕ ਗਏ।

ਸ਼ਾਹਕੋਟ ਦੀ ਵਸਨੀਕ ਰੀਨਾ ਨਾਂਅ ਦੀਆਂ ਪਹਿਲਾਂ ਦੋ ਧੀਆਂ ਸਨ। ਤੀਸਰੀ ਧੀ ਦਾ ਜਨਮ ਗੁਰੂ ਨਾਨਕ ਹਸਪਤਾਲ ਵਿੱਚ ਹੋਇਆ। ਤਾਂ ਉਸ ਦੇ ਪਰਵਾਰ ਦੇ ਚਿਹਰੇ ਉਤਰ ਗਏ। ਨਵਜੰਮੀ ਬੱਚੀ ਕਮਜ਼ੋਰ ਸੀ। ਉਸ ਨੂੰ ਸਾਹ ਦੀ ਤਕਲੀਫ ਹੋਣ ਕਾਰਨ ਡਾਕਟਰਾਂ ਨੇ ਵੈਂਟੀਲੇਟਰ 'ਤੇ ਰੱਖਿਆ। ਇਸ ਦੌਰਾਨ ਔਰਤ ਦੀ ਮੌਤ ਹੋ ਗਈ। ਡਾਕਟਰ ਬੱਚੀ ਦੇ ਇਲਾਜ ਵਿੱਚ ਲੱਗੇ ਹੋਏ ਸਨ ਤਾਂ ਪਰਵਾਰ ਨੂੰ ਬੁਲਾਉਣ ਲਈ ਸੇਵਾਦਾਰ ਭੇਜਿਆ, ਪਰ ਗਾਇਨੀ ਵਾਰਡ ਵਿੱਚ ਕੋਈ ਰਿਸ਼ਤੇਦਾਰ ਹੀ ਨਹੀਂ ਸੀ। ਗਾਇਨੀ ਵਾਰਡ ਵਿੱਚ ਇਲਾਜ ਕਰਵਾ ਰਹੀ ਇੱਕ ਔਰਤ ਨੇ ਦੱਸਿਆ ਕਿ ਇਸ ਬੱਚੀ ਦੇ ਵਾਰਸ ਇਸ ਦੀ ਮਾਂ ਦੀ ਲਾਸ਼ ਤੇ ਆਪਣਾ ਸਾਮਾਨ ਲੈ ਕੇ ਚਲੇ ਗਏ। ਹਸਪਤਾਲ ਨੇ ਇਸ ਦੀ ਜਾਣਕਾਰੀ ਪੁਲਸ ਨੂੰ ਦਿੱਤੀ।

ਦੂਸਰੇ ਪਾਸੇ ਡਾਕਟਰਾਂ ਲਈ ਬੱਚੀ ਨੂੰ ਬਚਾਉਣ ਦੀ ਚੁਣੌਤੀ ਹੈ। ਉਸ ਨੂੰ ਜਨਮ ਦੇਣ ਵਾਲੀ ਮਾਂ ਨਹੀਂ ਰਹੀ ਅਤੇ ਬੱਚੀ ਮਾਂ ਦਾ ਦੁੱਧ ਵੀ ਨਹੀਂ ਪੀ ਸਕੀ। ਡਾਕਟਰ ਉਸ ਨੂੰ ਬੋਤਲ ਬੰਦ ਦੁੱਧ ਪਿਲਾ ਰਹੇ ਹਨ ਅਤੇ ਦਵਾਈਆਂ ਅਤੇ ਇਲਾਜ ਦਾ ਖਰਚ ਵੀ ਆਪਣੀ ਜੇਬ 'ਚੋਂ ਕਰ ਰਹੇ ਹਨ।

ਇਸ ਮਾਮਲੇ ਦੀ ਜਾਂਚ ਕਰ ਰਹੇ ਏ ਐੱਸ ਆਈ ਜਤਿੰਦਰ ਕੁਮਾਰ ਨੇ ਦੱਸਿਆ ਕਿ ਅਸੀਂ ਬੱਚੀ ਦੇ ਘਰਦਿਆਂ ਨਾਲ ਸੰਪਰਕ ਕੀਤਾ ਤੇ ਉਨ੍ਹਾਂ ਦੇ ਘਰ ਵਿੱਚ ਪੁਲਸ ਨੂੰ ਭੇਜਿਆ ਸੀ।



# ਸ਼ਿਵ ਸੈਨਾ ਆਗੂ ਸੰਜੇ ਰਾਉਤ ਤੇ ਫਿਲਮ ਸਟਾਰ ਕੰਗਨਾ ਰਣੌਤ ਦਾ ਸਿੱਧਾ ਭੇੜ ਹੋਣ ਲੱਗਾ

## * ਸੰਜੇ ਰਾਉਤ ਨੇ ਕਿਹਾ: ਮੁੰਬਈ ਵਿੱਚ ਵੜਨਾ ਔਖਾ ਹੋ ਜਾਵੇਗਾ * ਕੰਗਨਾ ਨੇ ਕਿਹਾ: 9 ਨੂੰ ਆ ਰਹੀ ਹਾਂ, ਦੱਸੋ ਕੀ ਕਰ ਲਵੋਗੇ

ਮੁੰਬਈ, 6 ਸਤੰਬਰ, (ਪੋਸਟ ਬਿਊਰੋ)-ਫਿਲਮ ਸਟਾਰ ਸੁਸ਼ਾਂਤ ਸਿੰਘ ਰਾਜਪੂਤ ਦੀ ਸ਼ੱਕੀ ਮੌਤ ਹੋਣ ਮਗਰੋਂ ਅਭਿਨੇਤਰੀ ਕੰਗਨਾ ਰਣੌਤ ਵੱਲੋਂ ਲਗਾਤਾਰ ਕੀਤੀਆਂ ਜਾ ਰਹੀਆਂ ਟਿੱਪਣੀਆਂ ਨੇ ਅੱਜ ਸ਼ੁੱਕਰਵਾਰ ਨੂੰ ਨਵਾਂ ਮੋੜ ਲੈ ਲਿਆ। ਕੰਗਨਾ ਤੇ ਸ਼ਿਵ ਸੈਨਾ ਦੇ ਦੂਸਰੇ ਸਭ ਤੋਂ ਸੀਨੀਅਰ ਨੇਤਾ ਸੰਜੇ ਰਾਉਤ ਵਿਚ ਵੀ ਤਕਰਾਰ ਵਧ ਗਈ ਹੈ ਅਤੇ ਮਹਾਰਾਸ਼ਟਰ ਦੇ ਗ੍ਰਹਿ ਮੰਤਰੀ ਅਨਿਲ ਦੇਸ਼ਮੁਖ ਵੀ ਇਹ ਕਹਿ ਕੇ ਇਸ ਵਿੱਚ ਸ਼ਾਮਲ ਹੋ ਗਏ ਹਨ ਕਿ ਜਿਸ ਨੂੰ ਮੁੰਬਈ ਪੁਲਿਸ ਤੋਂ ਡਰ ਲੱਗਦਾ ਹੈ, ਉਸ ਨੂੰ ਏਥੇ ਰਹਿਣ ਦਾ ਕੋਈ ਅਧਿਕਾਰ ਨਹੀਂ ਹੈ।

ਵਰਨਣ ਯੋਗ ਹੈ ਕਿ ਸੁਸ਼ਾਂਤ ਸਿੰਘ ਰਾਜਪੂਤ ਦੀ ਮੌਤ ਮਗਰੋਂ ਕੰਗਨਾ ਰਣੌਤ ਲਗਾਤਾਰ ਮੁੰਬਈ ਪੁਲਿਸ ਦੀ ਮਾੜੀ ਕਾਰਗੁਜ਼ਾਰੀ ਉੱਤੇ ਹਮਲੇ ਵਾਲੀਆਂ ਟਿਪਣੀਆਂ ਕਰ ਰਹੀ ਹੈ। ਬੀਤੇ ਵੀਰਵਾਰ ਮੁੰਬਈ ਦੇ ਭਾਜਪਾ ਵਿਧਾਇਕ ਰਾਮ ਕਦਮ ਨੇ ਕਿਹਾ ਸੀ ਕਿ ਮੁੰਬਈ ਪੁਲਿਸ ਉੱਤੇ ਟਿੱਪਣੀਆਂ ਕਰ ਰਹੀ ਅਭਿਨੇਤਰੀ ਕੰਗਨਾ ਨੂੰ ਮਹਾਰਾਸ਼ਟਰ ਸਰਕਾਰਸੁਰੱਖਿਆ ਦੇ ਹੋ ਰਹੀ ਹੈ। ਉਸ ਦੇ ਬਿਆਨਤੋਂਭੜਕੀ ਕੰਗਨਾ ਨੇ ਕਿਹਾ ਸੀ ਕਿ ਮੈਨੂੰ ਮੁੰਬਈ ਪੁਲਿਸ ਦੀ ਸੁਰੱਖਿਆਨਹੀਂ ਚਾਹੀਦੀ। ਮੈਨੂੰ ਫਿਲਮੀ ਮਾਫੀਆ ਦੇ ਗੁੰਡਿਆਂ ਤੋਂਵੱਧ ਡਰ ਮੁੰਬਈ ਪੁਲਿਸ ਤੋਂ ਹੈ। ਪਿਛੋਂ ਹਿਮਾਚਲ ਪ੍ਰਦੇਸ਼ ਦੀ ਵਸਨੀਕ ਕੰਗਨਾ ਨੇ ਕਿਹਾ ਸੀ ਕਿ ਜਾਂ ਮੈਨੂੰ ਹਿਮਾਚਲ ਪ੍ਰਦੇਸ਼ ਦੀ ਪੁਲਸ ਦੀ ਸੁਰੱਖਿਆ ਮਿਲੇ ਜਾਂ ਸਿੱਧੇ ਕੇਂਦਰ ਸਰਕਾਰ ਸੁਰੱਖਿਆ ਦੇਵੇ।

ਇਸ ਵਿਵਾਦ ਨੇ ਅੱਜ ਸ਼ੁੱਕਰਵਾਰ ਓਦੋਂ ਨਵਾਂ ਰੰਗ ਲੈ ਲਿਆ, ਜਦੋਂ ਕੰਗਨਾ ਨੇ ਲਗਾਤਾਰ ਕਈ ਕਈ ਟਵੀਟ ਕਰ ਦਿੱਤੇ ਤੇ ਜਵਾਬ ਵਿਚ ਸੰਜੇ ਰਾਉਤ ਦੇ ਬਿਆਨ ਆਉਣ ਲੱਗੇ। ਦੁਪਹਿਰ ਬਾਅਦ ਕੰਗਨਾ ਨੇ ਟਵੀਟ ਕਰ ਦਿੱਤਾ ਕਿ ਕੁਝ ਲੋਕ ਮੈਨੂੰ ਮੁੰਬਈ ਨਾ ਆਉਣ ਦੀ ਧਮਕੀ ਦੇ ਰਹੇ ਹਨ, ਇਸ ਲਈ ਫ਼ੈਸਲਾ ਕੀਤਾ ਹੈ ਕਿ 9 ਸਤੰਬਰ ਨੂੰ ਓਥੇਜਾਵਾਂਗੀ, ਮੈਂ ਉਹ ਸਮਾਂ ਵੀ ਪੋਸਟ ਕਰਾਂਗੀ, ਜਦੋਂ ਮੈਂ ਮੁੰਬਈ ਹਵਾਈ ਅੱਡੇ ਉੱਤੇ ਉਤਰਨਾ ਹੋਵੇਗਾ। ਕਿਸੇ ਦੀ ਹਿੰਮਤ ਹੈ ਤਾਂ ਮੈਨੂੰ ਰੋਕ ਲਵੇ। ਕੰਗਨਾ ਦੇ ਇਸ ਟਵੀਟ ਮਗਰੋਂ ਟਵਿੱਟਰ ਉੱਤੇ ਉਨ੍ਹਾਂ ਨੂੰ ਮਿਲਦੀਆਂ ਧਮਕੀਆਂ ਤੇਜ਼ ਹੋ ਗਈਆਂ। ਸ਼ਿਵ ਸੈਨਾ ਨੇਤਾ ਸੰਜੇ ਰਾਉਤ ਨੇ ਵੀ ਕਿਹਾ ਕਿ ਕੰਗਨਾ ਨੂੰ ਆਉਣ ਦਿਓ, ਦੇਖ ਲਵਾਂਗੇ।

ਕੰਗਨਾ ਰਣੌਤ 17 ਮਾਰਚ ਨੂੰ ਆਪਣਾ ਜਨਮ ਦਿਨ ਮਨਾਉਣ ਆਪਣੇ ਘਰ ਮਨਾਲੀ ਗਈ ਸੀ। ਕੋਰੋਨਾ ਵਾਇਰਸ ਦੇ ਸੰਕਟ ਦੇ ਕਾਰਨ ਉਸ ਤੋਂ ਬਾਅਦ ਉਹ ਮਨਾਲੀ ਵਿਚ ਹੀ ਰੁਕੀ ਹੋਈ ਹੈ।

ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates

ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
SINGH (TOCHI)
416-454-3031
647-784-8240
Email: tochisangha1@hotmail.com
CANADIAN GLASS AND WINDOW

MARVES HARDWOOD FLOORING
Services:
Fence - Hardwood Flooring
Stairs - Small Renovation
John
416-787-6551

jobs! jobs! jobs! jobs! jobs!
DUNDAS·JAFINE
HELP WANTED
ਕਾਮਿਆਂ ਦੀ ਲੋੜ
ਜਨਰਲ ਲੇਬਰ ਦਾ ਕੰਮ ਉਪਲੱਬਧ ਹੈ
ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ।
ਤਿੰਨੋਂ ਸ਼ਿਫਟਾਂ : Day ਅਤੇ Afternoon Available ਹਨ
ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ
ਅਪਲਾਈ ਕਰਨ ਲਈ ਆਪ ਪਹੁੰਚੋ:
110 Glidden Rd., Brampton
ਜਾਂ ਫੇਰ ਈ-ਮੇਲ ਕਰੋ:
jbrown@dundasjafine.com
kkaur@dundasjafine.com

ਹਵਾਈ ਸਫਰ ਨੂੰ ਸੁਹਾਵਨਾ ਤੇ ਸੁਰੱਖਿਅਤ ਬਣਾਓ ਤੇ ਸਾਡੀ TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ

Your Travel Safety Our Priority
JF Insurance Agency Group Inc.
Specialized in Hospital and Medical Insurance for Visitors, Canadian Travellers and International Students since 1992
Join and Represent Us
- VISITOR TO CANADA INSURANCE
- TRAVEL OUT INSURANCE
- INTERNATIONAL STUDENT INSURANCE
- OTHER INSURANCE PRODUCTS
905-707-1512
905-707-1513
Molly@jfgroup.ca
Toronto Head Office:
15 wertheim court # 501
Richmond Hill, ON L4B 3H7

SAMRAI SIKH SANGAT SOCIETY
ਸਮਰਾਏ ਸਿੱਖ ਸੰਗਤ ਸੁਸਾਇਟੀ
ਸਤਿਕਾਰ ਯੋਗ ਸਰਦਾਰ ਜੀ ਅਤੇ ਸਰਦਾਰਨੀ ਜੀ
ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਿਹ ॥
ਸਮੂਹ ਸਾਧ ਸੰਗਤ ਜੀ ਨੂੰ ਨਿਮਰਤਾ ਸਹਿਤ ਬੇਨਤੀ ਹੈ ਕਿ ਹਰ ਸਾਲ ਦੀ ਤਰਾਂ ਇਸ ਸਾਲ ਵੀ ਬਾਬਾ ਸਾਂਈ ਸਿੰਘ ਜੀ, ਬਾਬਾ ਸੇਵਾ ਸਿੰਘ ਜੀ, ਬਾਬਾ ਧਿਆਨ ਦਾਸ ਜੀ ਅਤੇ ਬਾਬਾ ਗੁਪਾਲ ਸਿੰਘ ਜੀ ਦੀ ਬਰਸੀ 13 ਸਤੰਬਰ ਦਿਨ ਐਤਵਾਰ ਨੂੰ ਗੁਰੂਦੁਆਰਾ ਸਿੱਖ ਸਪਿਰਚੂਅਲ ਸੈਂਟਰ ਰੈਕਸਡੇਲ ਵਿਖੇ ਬੜੀ ਸ਼ਰਧਾ ਅਤੇ ਸਦਭਾਵਨਾ ਨਾਲ ਮਨਾਈ ਜਾ ਰਹੀ ਹੈ। ਸੰਤਾਂ ਮਹਾਂ ਪੁਰਸ਼ਾਂ ਦੀ ਯਾਦ ਵਿੱਚ ਸ੍ਰੀ ਆਖੰਡ ਪਾਠ ਸਾਹਿਬ ਦੇ ਜਾਪ 11 ਸਤੰਬਰ ਦਿਨ ਸ਼ੁੱਕਰਵਾਰ ਨੂੰ ਸਵੇਰੇ 10 ਵਜੇ ਆਰੰਭ ਹੋਣਗੇ ਅਤੇ 13 ਸਤੰਬਰ ਦਿਨ ਐਤਵਾਰ ਨੂੰ ਸਵੇਰੇ ਭੋਗ ਪੈਣਗੇ। ਆਪ ਆਪਣੇ ਪਰਿਵਾਰ ਸਮੇਤ ਇਸ ਸਮਾਗਮ ਵਿੱਚ ਹੁੰਮ ਹੁੰਮਾ ਕੇ ਪਹੁੰਚਣ ਦੀ ਕਿਰਪਾਲਤਾ ਕਰਨੀ ਜੀ
Sikh Spiritual Centre Rexdale
Address: 9 Carrier Dr, Etobicoke, ON M9V 4B2 Phone: (416) 746-6666
Link to join: https://www.samraisangattorontocanada.com/live-stream/
ਹੋਰ ਜਾਣਕਾਰੀ ਲਈ ਸੰਪਰਕ ਕਰੋ
ਸੁਰਜੀਤ ਸਿੰਘ ਸਮਰਾ 289-828-2117
ਮਹਿੰਦਰ ਸਿੰਘ ਸਮਰਾ 416-271-8477

Steinmetz & Associates
PERSONAL INJURY LAWYERS

Harry Steinmetz
Certified as Specialist by the Law Society of Ontario in Civil Litigation
(with over 27yrs. of experience)

ਕੀ ਐਕਸੀਡੈਂਟ ਵਿੱਚ ਤੁਹਾਡੇ ਸੱਟ ਲੱਗ ਗਈ ਹੈ?
BOBBY SIDHU
partner
(Serving the Community for Over 16 yrs.)
ਮੁੱਫਤ ਸਲਾਹ ▪ ਫੀਸ ਸੈਟਲਮੈਂਟ ਹੋਣ ਤੋ ਬਾਅਦ
ਜੇਕਰ ਤੁਹਾਡਾ ਕਸੂਰ ਹੈ ਜਾਂ ਨਹੀਂ, ਚਾਹੇ ਤੁਸੀਂ ਕੰਮ ਕਰਦੇ ਹੋ ਜਾਂ ਨਹੀਂ, ਚਾਹੇ ਤੁਸੀਂ Housewife ਹੋ, Student ਹੋ, Pedestrian ਹੋ, Cycliust ਹੋ, ਐਕਸੀਡੈਂਟ ਵਿਚ ਸੱਟ ਲੱਗਣ ਦੀ ਸੂਰਤ ਵਿਚ ਤੁਸੀਂ ਕਈ ਬੈਨੀਫਿਟਸ ਦੇ ਹੱਕਦਾਰ ਹੋ ਸਕਦੇ ਹੋ। ਜੇਕਰ ਤੁਹਾਡੀ ਗਲਤੀ ਨਹੀਂ ਹੈ ਤਾਂ ਤੁਸੀਂ Pain & Suffering ਸਮੇਤ ਕਈ ਮਿਲੀਅਨ ਡਾਲਰ ਦੇ ਕਲੇਮ ਦੇ ਹੱਕਦਾਰ ਹੋ ਸਕਦੇ ਹੋ।
ਹੁਣ ਤੱਕ ਅਸੀਂ ਆਪਣੇ Clients ਨੂੰ ਕਈ ਮਿਲੀਅਨ ਤੱਕ ਦੇ ਕਲੇਮ ਦੁਆ ਚੁੱਕੇ ਹਾਂ।
ਜੇਕਰ ਤੁਸੀਂ ਆਪਣੀਆਂ ਮੋਜੂਦਾ ਕਾਨੂੰਨੀ ਸੇਵਾਵਾਂ ਤੋਂ ਸੰਤੁਸ਼ਟ ਨਹੀਂ ਹੋ ਤਾਂ ਅਸੀਂ ਤੁਹਾਡੀ ਸੇਵਾ ਲਈ ਹਾਜਰ ਹਾਂ।
If you are hurt in Auto Accident, Slip & Fall or you have long Term Disability Claims
Protect yourself, Protect your family, Know your rights.
For exceptional service, benefits you are entitled to and a settlement you deserve, call the name you trust
You only pay upon settlement
GURSHARAN BOBBY SIDHU
647.539.3020
1450 Meyerside Drive, Suite 308, Mississauga
2 OFFICES TO SERVE YOU
55 St. Clair Ave., West, Toronto
email: bsidhu@steinmetzlawyers.ca website: www.steinmetzlawyers.ca

ਪੰਜਾਬੀ ਪੋਸਟ

Punjabipost.ca
905-793-2202
27 Armthorpe Rd #3,
Brampton, L6T 5M4

Founder Editor — Jagdish Singh Grewal
Managing Director — Parminder Kaur Grewal
Contributing Editors — Gyan Singh; Angrej Singh
Office Admin — Priya Dhillon
Graphic Designer — Priya Dhillon
Photographer — Kanwaljit Singh Kanwal
Distributer — Aman Warraich

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

# ਸੇਵਾਮੁਕਤੀ ਮਗਰੋਂ ਮਨਫ਼ੀ ਹੁੰਦਾ ਆਦਮੀ

-ਵਰਿੰਦਰ ਸ਼ਰਮਾ

ਜ਼ਿੰਦਗੀ ਦੇ ਉਹ ਪਲ ਬੇਹੱਦ ਦੁਖਦਾਈ ਹੁੰਦੇ ਹਨ, ਜਦੋਂ ਕਿਸੇ ਵਿਅਕਤੀ ਨੂੰ ਸੇਵਾ ਮੁਕਤੀ ਤੋਂ ਬਾਅਦ ਆਪਣੇ ਹੀ ਸਾਥੀਆਂ, ਸਮਾਜ, ਦਫਤਰ ਜਾਂ ਸੰਸਥਾਨ ਵੱਲੋਂ ਓਦਾਂ ਦਾ ਆਦਰ ਸਤਿਕਾਰ ਨਹੀਂ ਮਿਲਦਾ, ਜੋ ਕਦੇ ਉਸ ਨੂੰ ਕੰਮ ਕਰਨ ਵੇਲੇ ਮਿਲਦਾ ਸੀ। ਅੱਜ ਦੇ ਪਦਾਰਥਵਾਦੀ ਯੁੱਗ ਵਿੱਚ ਪਿਆਰ ਦੀ ਥਾਂ ਰੁੱਖੇਪਣ ਨੇ ਕਿਉਂ ਲੈ ਲਈ ਹੈ? ਖੁਸ਼ ਕੋਈ ਜਾਪਦਾ ਹੀ ਨਹੀਂ ਜਾਂ ਸ਼ਾਇਦ ਖੁਸ਼ ਰਹਿਣਾ ਨਹੀਂ ਚਾਹੁੰਦਾ।

ਨਿਰ ਸੰਦੇਹ ਪੁਰਾਤਨ ਸਮਾਂ ਵਧੀਆ ਸੀ, ਕਿਉਂਕਿ ਲੋਕਾਂ ਵਿੱਚ ਮੋਹ-ਪਿਆਰ ਅਤੇ ਭਾਈਚਾਰੇ ਦੀਆਂ ਤੰਦਾਂ ਬਹੁਤ ਮਜ਼ਬੂਤ ਸਨ। ਤ੍ਰਾਸਦੀ ਇਹ ਹੈ ਕਿ ਹੁਣ ਲੋਕਾਂ ਵਿੱਚ ਅਜਿਹੀਆਂ ਭਾਵਨਾਵਾਂ ਦੀ ਘਾਟ ਹੈ। ਜ਼ਿਆਦਾਤਰ ਲੋਕ ਆਪਮੁਹਾਰੇ ਬਣਦੇ ਜਾ ਰਹੇ ਹਨ। ਸ਼ਾਇਦ ਇਸੇ ਲਈ ਰਿਸ਼ਤੇ-ਨਾਤੇ, ਦੋਸਤੀ ਤੇ ਆਪਸੀ ਸਾਂਝ ਖਤਮ ਹੁੰਦੀ ਜਾ ਰਹੀ ਹੈ। ਜਦੋਂ ਕਿਸੇ ਦੀਆਂ ਭਾਵਨਾਵਾਂ ਨੂੰ ਕੁਚਲ ਕੇ ਰੱਖ ਦਿੱਤਾ ਜਾਵੇ ਤਾਂ ਮਨ ਬੜਾ ਦੁਖੀ ਹੁੰਦਾ ਹੈ। ਉਹ ਦਫਤਰ ਜਾਂ ਸੰਸਥਾ, ਜਿੱਥੇ ਇਨਸਾਨ ਨੇ 30-35 ਸਾਲ ਕੰਮ ਕੀਤਾ ਹੁੰਦਾ ਹੈ, ਉਥੇ ਉਸ ਨੂੰ ਪਹਿਲਾਂ ਵਰਗਾ ਨਿੱਘ, ਪਿਆਰ ਨਹੀਂ ਮਿਲਦਾ। ਉਸ ਦਾ ਸਵਾਗਤ ਜਦੋਂ ਗਰਮਜੋਸ਼ੀ ਨਾਲ ਨਹੀਂ ਹੁੰਦਾ ਤਾਂ ਮਨ ਮਸੋਸ ਕੇ ਰਹਿ ਜਾਂਦਾ ਹੈ। ਇਸੇ ਲਈ ਉਸ ਨੂੰ ਹੁਣ ਉਸ ਥਾਂ ਦੀਆਂ ਕੰਧਾਂ ਵੀ ਓਪਰੀਆਂ ਜਾਪਦੀਆਂ ਹਨ। ਜਿਹੜੀ ਕੁਰਸੀ ਉੱਤੇ ਉਹ ਕਈ ਵਰ੍ਹੇ ਬੈਠਾ ਹੁੰਦਾ ਹੈ, ਉਹ ਕੁਰਸੀ ਉਸ ਨੂੰ ਪਰਾਈ ਲੱਗਦੀ ਹੈ। ਆਪਣੇ ਹੀ ਬੰਦੇ ਉਸ ਨੂੰ ਬੈਠਣ ਲਈ ਕੁਰਸੀ ਵੀ ਨਹੀਂ ਦਿੰਦੇ। ਉਸ ਵੇਲੇ ਉਸ ਦੇ ਮਨ ਦੇ ਭਾਵ ਉਹ ਖੁਦ ਹੀ ਜਾਣ ਸਕਦਾ ਹੈ। ਅਜਿਹੇ ਵਿਹਾਰ ਦਾ ਪ੍ਰਚਲਨ ਤੇਜ਼ੀ ਨਾਲ ਕਿਉਂ ਵਧ ਰਿਹਾ ਹੈ। ਕੀ ਇਸ ਵਿੱਚ ਸੇਵਾ-ਮੁਕਤ ਆਦਮੀ ਦਾ ਸਾਰਾ ਕਸੂਰ ਹੈ ਜਾਂ ਮੌਜੂਦਾ ਸਟਾਫ ਦਾ? ਦਰਅਸਲ ਇਹ ਮਸਲਾ ਬਹੁਤ ਗੰਭੀਰ ਹੈ। ਇਹ ਗੰਭੀਰ ਸਵਾਲ, ਜਵਾਬ ਮੰਗਦਾ ਹੈ।

ਕਿੰਨੀ ਮੰਦਭਾਗੀ ਗੱਲ ਹੈ ਕਿ ਸੇਵਾ-ਮੁਕਤ ਵਿਅਕਤੀ ਨੂੰ ਜ਼ਿਆਦਾਤਰ ਆਪਣੇ ਹੀ ਦਫਤਰ ਵਾਲਿਆਂ ਨੇ ਕੁਰਸੀ ਤਾਂ ਕੀ ਦੇਣੀ, ਸਗੋਂ ਉਸ ਨਾਲ ਦੋ ਲਫਜ਼ ਹਮਦਰਦੀ ਦੇ ਵੀ ਨਹੀਂ ਬੋਲਦੇ, ਉਸ ਦਾ ਹਾਲਚਾਲ ਤੱਕ ਵੀ ਨਹੀਂ ਪੁੱਛਦੇ। ਇਹ ਵੀ ਸੰਭਵ ਹੈ ਕਿ ਕਿਸੇ ਪਰਵਾਰਕ ਮਸਲੇ 'ਤੇ ਉਸ ਦੀ ਪੁੱਛਗਿੱਛ ਘਟ ਗਈ ਹੋਵੇ, ਪਰ ਉਸ ਦੀ ਦਿੱਤੀ ਨੇਕ ਸਲਾਹ ਕਿਸੇ ਵਿਪਰੀਤ ਪਰਸਥਿਤੀ ਨੂੰ ਸੁਖਾਲਾ ਬਣਾ ਸਕਦੀ ਹੈ। ਜੇ ਕੰਮ ਕਰਨ ਦੌਰਾਨ ਉਹ ਸਮਾਜ ਦਾ ਇੱਕ ਮਹੱਤਵ ਪੂਰਨ ਹਿੱਸਾ ਸੀ ਤਾਂ ਹੁਣ ਵੀ ਉਹ ਇਸੇ ਸਮਾਜ ਦਾ ਅਨਿੱਖੜਵਾਂ ਅੰਗ ਹੈ।

ਕਿਸੇ ਵਿਅਕਤੀ ਨੂੰ ਸੇਵਾ ਮੁਕਤੀ ਤੋਂ ਬਾਅਦ ਮਨਫੀ ਕਰ ਦੇਣਾ ਕੋਈ ਚੰਗੀ ਗੱਲ ਨਹੀਂ। ਉਹ ਵੀ ਕਦੇ ਸਾਡੇ ਵਿੱਚੋਂ ਸੀ। ਉਸ ਦੀ ਸਲਾਹ ਹੁਣ ਵੀ ਕੰਮ ਆ ਸਕਦੀ ਹੈ। ਦਫਤਰ ਤੋਂ ਬਾਅਦ ਉਸ ਨੂੰ ਬਾਹਰ ਕਤਾਰ ਵਿੱਚ ਖੜ੍ਹਾ ਕਰਨਾ ਬਹੁਤ ਗਲਤ ਗੱਲ ਹੈ। ਇਹ ਤਾਂ ਉਸ ਦਾ ਨਿਰਾਦਰ ਕਰਨ ਦੇ ਬਰਾਬਰ ਹੈ। ਉਂਝ ਸਿੱਕੇ ਦਾ ਦੂਜਾ ਪਾਸਾ ਵੀ ਹੈ ਕਿ ਸੇਵਾ ਮੁਕਤ ਵਿਅਕਤੀ ਦਾ ਵਤੀਰਾ ਕੰਮ ਦੌਰਾਨ ਸਾਥੀਆਂ ਨਾਲ ਚੰਗਾ ਨਹੀਂ ਸੀ ਤਾਂ ਉਸ ਨਾਲ ਰੁੱਖੇ ਵਤੀਰੇ ਦੀ ਸਮਝ ਆਉਂਦੀ ਹੈ, ਪਰ ਨੇਕਦਿਲ ਇਨਸਾਨ, ਇਮਾਨਦਾਰ, ਮਿਹਨਤੀ ਤੇ ਚਰਿੱਤਰਵਾਨ ਨਾਲ ਇਹ ਵਿਹਾਰ ਹੋਵੇ ਤਾਂ ਗੱਲ ਸਮਝ ਤੋਂ ਪਰ੍ਹੇ ਹੈ।

ਚੇਤੇ ਰਹੇ ਕਿ ਅਸੀ ਵੀ ਕਿਸੇ ਦਿਨ ਸੇਵਾ ਮੁਕਤ ਹੋਣਾ ਹੈ। ਫਿਰ ਸਾਡੇ ਨਾਲ ਵੀ ਕੋਈ ਭੈੜਾ ਵਰਤਾਓ ਕਰ ਸਕਦਾ ਹੈ। ਇਸ ਨਾਲ ਸਾਡੇ ਮਨ 'ਤੇ ਕੀ ਬੀਤੇਗੀ? ਅਸੀਂ ਆਪਣੇ ਵਰਤੋਂ ਵਿਹਾਰ ਅਤੇ ਸ਼ੈਲੀ ਵਿੱਚ ਸੁਧਾਰ ਲਿਆਈਏ। ਅਸੀਂ ਜਿਹੜੇ ਵਿਹਾਰ ਦੀ ਦੂਜਿਆਂ ਤੋਂ ਆਪਣੇ ਲਈ ਆਸ ਰੱਖਦੇ ਹਾਂ, ਉਹੀ ਵਿਹਾਰ ਅਸੀਂ ਦੂਜਿਆਂ ਪ੍ਰਤੀ ਵੀ ਅਪਣਾਈਏ। ਜੇ ਸਾਡੇ ਕੰਮ ਤੋਂ ਸਾਰੇ ਦਿਨ ਵਿੱਚ ਇੱਕ ਇਨਸਾਨ ਵੀ ਖੁਸ਼ ਹੋ ਕੇ ਚਲਾ ਗਿਆ ਤਾਂ ਸਮਝੋ ਸਾਡਾ ਕੀਤਾ ਕੰਮ ਸਾਰਥਕ ਹੋ ਗਿਆ। ਅਸੀਂ ਸਾਰਿਆਂ ਨੂੰ ਖੁਸ਼ ਤੇ ਸੰਤੁਸ਼ਟ ਨਹੀਂ ਕਰ ਸਕਦੇ, ਪਰ ਕੋਸ਼ਿਸ਼ ਤਾਂ ਕਰੀਏ।

ਮਾਣ-ਸਨਮਾਨ ਮਿਲਣ ਨਾਲ ਹਰ ਵਿਅਕਤੀ ਦੀ ਰੂਹ ਖੁਸ਼ ਹੋ ਜਾਂਦੀ ਹੈ। ਸੇਵਾ ਮੁਕਤ ਹੋਇਆ ਵਿਅਕਤੀ ਆਪਣੇ ਆਪ ਨੂੰ ਇਕੱਲਾ ਨਾ ਸਮਝੇ। ਉਹ ਸਮਾਜਕ ਸੰਸਥਾਵਾਂ ਨਾਲ ਜੁੜ ਕੇ ਸਮਾਜ ਸੇਵਾ ਕਰ ਸਕਦਾ ਹੈ। ਇਉਂ ਉਸ ਨੂੰ ਮੁੜ ਉਹੀ ਰੁਤਬਾ ਹਾਸਲ ਹੋ ਸਕਦਾ ਹੈ, ਜਿਸ ਦੀ ਇੱਛਾ ਰੱਖਦਾ ਹੈ। ਉਸ ਨੂੰ ਨੌਕਰੀ ਵੇਲੇ ਦੀਆਂ ਮਿਲੀਆਂ ਸੁੱਖ-ਸਹੂਲਤਾਂ ਬਾਰੇ ਜ਼ਿਆਦਾ ਸੋਚਣ ਦੀ ਲੋੜ ਨਹੀਂ, ਕਿਉਂ ਇਹ ਹੀ ਸਭ ਕੁਝ ਨਹੀਂ। ਸਮਾਜ ਵਿੱਚ ਆਪਣਾ ਬਣਦਾ ਯੋਗਦਾਨ ਪਾ ਕੇ ਜ਼ਿੰਦਗੀ ਦੀ ਮੰਜ਼ਿਲ ਹਾਸਲ ਕੀਤੀ ਜਾ ਸਕਦੀ ਹੈ।

ਕਹਾਣੀ

# ਉਡੀਕ

-ਕਿਰਪਾਲ ਕਜ਼ਾਕ

ਮੌਤ ਗੁਰੋ ਦੇ ਇਰਦ ਗਿਰਦ ਸੀ, ਪਰ ਦਿੱਸ ਨਹੀਂ ਸੀ ਰਹੀ।

ਟੱਬਰ ਓਸ ਘੜੀ ਨੂੰ ਸਹਿਕ ਰਿਹਾ ਸੀ। ਘਰ ਦੇ ਸਾਰੇ ਕੰਮ ਕਾਜ ਅਟਕੇ ਪਏ ਸਨ। ਹਰ ਕੋਈ ਸਾਹ ਸੂਤੀ ਖੜਾ ਸੀ।

'ਮਰਨਾ ਕੀਹਨੇ ਨਹੀਂ? ਵਕਤ ਆ ਗਿਆ ਤਾਂ ਬੰਦਾ ਤੁਰਦਾ ਹੋਵੇ। ਉਡੀਕ ਕੀਹਦੀ? ਚੁਟਕੀ 'ਚ ਫੁੜਕਦੈ ਕੋਈ ਕਰਮਾਂ ਵਾਲਾ। ਰੀਂਗ ਕੇ ਮਰਨਾ ਕੋਈ ਮਰਨੈਂ?' ਖਬਰ ਲੈਣ ਆਏ ਗੱਲਾਂ ਕਰਦੇ।

'ਮਰੀ ਤਾਂ ਕੇਸਰੋ। ਦੇਵਤਿਆਂ ਦੀ ਮੌਤ। ਜਾਂ ਕੰਬੋਆਂ ਕਾ ਸੁੰਦਰ ਸਿਹੁੰ। ਇਕ ਰਾਤ ਟੱਬਰ ਉਠਾਇਆ। ਹੱਥ ਜੋੜੇ। ਚੰਗਾ ਭਾਈ ਸਭ ਨੂੰ ਸੱਸਰੀਕਾਲ। ਨਦੀ ਨਾਮ ਸੰਜੋਗੀ ਮੇਲੇ। ਟੱਬਰ ਕਿਹਾ, ਦੇਖ ਕੀ ਝੱਲ ਖਲਾਰਦੀ ਐ ਅੱਧੀ ਰਾਤ। ਸਵੇਰੇ ਉਠੇ ਤਾਂ ਦੇਖਣ। ਉਡ ਗਿਆ ਭੌਰ। ਤੇ ਸੁੰਦਰ ਸਿਹੁੰ, ਰੱਜ ਕੇ ਕੁੱਤਾ ਬੰਦਾ। ਬਾਹਰੋਂ ਆਇਆ। ਬਹੂ ਨੂੰ ਕਹਿੰਦਾ, ਪੁੱਤ ਕੜਾਹ ਮਿਲੂ ਭੋਰਾ? ਬਹੂ ਕਿਹਾ, ਨਾ ਤਿੱਥ ਨਾ ਤਿਉਹਾਰ, ਬਾਪੂ ਜੀ ਕਮਲੇ ਤਾਂ ਨਹੀਂ ਹੋ ਗਏ? ਕਹਿੰਦਾ, ਚਲੋ ਫਿਰ ਮਰੇ 'ਤੇ ਹੀ ਖਾ ਲਿਉ। ਉਹੋ ਗੱਲ ਹੋਈ। ਵੱਡਾ ਕੀਤਾ। ਪੂਰੀ ਬਿਰਾਦਰੀ ਨੇ ਛਕਿਆ। ਸਹੁਰੀਏ! ਕੁਣਕਾ ਈ ਸੀ, ਸੁਤ੍ਹਾ ਤਾਂ ਨਾ ਭਟਕਣ ਦਿੰਦੀ ਵਿਚਾਰੇ ਦੀ।' ਲੋਕ ਕਹਾਣੀਆਂ ਛੋਹ ਲੈਂਦੇ।

'ਸੁੱਚਾ ਸਿਹਾਂ। ਸੌਂ ਨੂੰ ਟੱਪ ਗਈ ਹੋਊ ਬੇਬੇ।' ਕੋਈ ਪੁੱਛਦਾ।

'ਕਾਹਨੂੰ ਪਲੇਗ ਪੈਣ ਵੇਲੇ ਦੀ ਐ। ਸਾਲ ਤਾਂ ਪਤਾ ਨਹੀਂ।'

ਸੁੱਚਾ ਸਿਹੁੰ ਨੂੰ ਵੀ ਮਾਂ ਨੇ ਦੱਸਿਆ ਸੀ, 'ਓਸ ਸਾਲ ਚੂਹਿਆਂ ਤੋਂ ਪਈ ਬਮਾਰੀ। ਬੰਦਾ ਤੁਰਿਆ ਜਾਂਦਾ ਮੁੱਕ ਜਾਂਦਾ। ਮੈਨੂੰ ਨਕਰਮੀ ਨੂੰ ਰੱਬ ਰੱਖ ਲਿਆ। ਤਦੇ ਤਾਂ ਨਾਂ ਪਿਆ ਗੁਰਾਂ ਦੇਈ।'

ਰੱਬ ਦੇ ਰੱਖ ਲੈਣ ਵਾਲੀ ਗੱਲ ਸੱਚੀ ਸੀ। ਗੁਰਾਂ ਨੂੰ ਹਰ ਦਿਨ ਨਵਾਂ ਵਾਰ ਆਇਆ। ਜਵਾਨ ਹੋਈ। ਉਚਾ ਲੰਮਾ ਕੱਦ। ਭਰਵੀਂ ਡੀਲ ਡੌਲ। ਲਹਿਣਾ ਸਿਹੁੰ ਨਾਲ ਵਿਆਹੀ ਗਈ। ਬਾਰਾਂ ਵਿੱਚ ਮੁਰ-ਬੇ ਅਲਾਟ ਹੋਏ ਤਾਂ ਸਾਂਦਲ ਬਾਰ ਜਾ ਕੇ ਵੱਸ ਗਏ। ਜੜ੍ਹਾਂ ਵੀ ਨਹੀਂ ਸੀ ਲੱਗੀਆਂ ਕਿ ਹੱਲੇ ਪੈ ਗਏ।

ਹੱਲੇ ਕੀ ਪਏ, ਪਰਲੋ ਆ ਗਈ..। ਪਤੀ ਤੇ ਮਾਪੇ ਹੱਲੇ ਨਿਗਲ ਗਏ। ਦੋ ਪੁੱਤਾਂ ਨੂੰ ਖੰਭਾਂ ਹੇਠ ਲਈ ਏਧਰ ਆ ਗਈ। ਇਕੱਲੀ ਕਾਰੀ ਤੀਵੀਂ ਤੇ ਹੋਣੀ ਨਾਲ ਮੱਥਾ। ਦੋ ਪੁੱਤਾਂ ਨਾਲ ਲੱਕ ਬੰਨ੍ਹ ਲਿਆ ਗੁਰਾਂਦੇਈ। ਉਹ ਦਿਨ ਯਾਦ ਕਰਦਿਆਂ ਅੱਜ ਵੀ ਸੁੱਚਾ ਤੇ ਨੰਜਾ ਅੱਖਾਂ ਭਰ ਲੈਂਦੇ। ਬੇਬੇ ਕਿਵੇਂ ਸ਼ਰੀਕਾਂ ਹੇਠੋਂ ਸਿਆੜ ਕਢਾਏ। ਦਿਨ ਰਾਤ ਇਕ ਕੀਤਾ। ਮੁੜ੍ਹਕਾ ਡੋਲ੍ਹਿਆ। ਰਫਲ ਲਈ। ਪੰਚਾਇਤਾਂ ਵਿੱਚ ਬੈਠੀ। ਠਾਣੇ ਠਪਾਣੇ ਗਈ। ਸ਼ਰਾਬ ਕੱਢੀ। ਪਿਆਈ। ਵੇਚੀ। ਹਿੱਕ ਠੋਕ ਕੇ। ਜਬ੍ਹਾ ਕਾਇਮ ਕੀਤਾ। ਪੁੱਤ ਵਿਆਹੇ। ਸੁੱਚੇ ਲਈ ਚੱਠਿਆਂ ਤੋਂ ਚਿੰਤ ਕੁਰ ਤੇ ਨੰਜੇ ਲਈ ਵਿਰਕਾਂ ਦੀ ਰਾਜਵੰਤ ਵਿਆਹ ਕੇ ਲਿਆਂਦੀ। ਪੁੱਤਾਂ ਨੂੰਹਾਂ ਵੀ ਰੱਖ ਵਿਖਾਈ। ਸੁੱਚੇ ਵਾਹੀ ਓਟ ਲਈ। ਨੰਜੇ ਆੜ੍ਹਤ। ਦੌਲਤ ਪੈਰਾਂ ਨਾਲ ਆਈ। ਵੇਲ ਵਧੀ। ਅੱਜ ਸੁੱਚੇ ਦੇ ਨੀਤੂ ਤੇ ਗੁੱਲੂ ਸਨ। ਨੰਜੇ ਦੀਆਂ ਲਾਲ੍ਹੀ ਤੇ ਰਿੰਪੀ ਧੀਆਂ ਤੇ ਪੁੱਤ ਬੱਬੂ। ਸਭ ਕਾਲਜਾਂ ਵਿੱਚ ਪੜ੍ਹਦੇ। ਪੁੱਜਦਾ ਘਰ। ਕੋਈ ਚਿੜੀਆਂ ਦਾ ਦੁੱਧ ਮੰਗਦਾ, ਹਾਜ਼ਰ ਕਰਨ ਦੇ ਸਮਰੱਥ।

ਅਚਾਨਕ ਗੁਰਾਂਦੇਈ ਦੀ ਲਟਕੀ ਮੌਤ ਨੇ ਸਭ ਜੜ੍ਹ ਕਰਕੇ ਰੱਖ ਦਿੱਤਾ।

ਹਵਾ, ਸਾਹ, ਧੜਕਣ, ਗੁਰੋ ਦਾ ਨਹੀਂ, ਟੱਬਰ ਦਾ ਰੁਕਿਆ ਖੜ੍ਹਾ ਸੀ। ਉਚੀ ਹੱਸਣਾ ਨਹੀਂ, ਕੀ ਪਤਾ ਕਦੋਂ ਕੋਈ ਖਬਰ ਲੈਣ ਆ ਜਾਵੇ। ਆਏ ਨੂੰ ਉਦਾਸ ਮਿਲੋ। ਹਉਕਾ ਲਵੋ। ਹੌਲੀ ਬੋਲੋ। ਕਹਾਣੀਆਂ ਸ਼ੁਰੂ। ਕਦੋਂ ਬੋਲੀ। ਕੀ ਖਾਧਾ? ਕਦੋਂ ਖਾਧਾ? ਪਛਾਣਦੀ ਐ ਕਿ ਨਹੀਂ? ਹੱਥ ਪੈਰ ਕਿਵੇਂ ਨੇ? ਠੰਢੇ ਕਿ ਗਰਮ? ਦਵਾਦਾਰੂ ਚਲਦੈ ਕਿ ਬੰਦ? ਆਪਦੀ ਕਿਰਿਆ ਕਿਉਂਟਦੀ ਏ ਕਿ ਨਹੀਂ? ਜੇ ਨਹੀਂ ਤਾਂ ਕੌਣ ਕਰਦੈ ਸੇਵਾ? ਚਿੰਤ ਕੁਰ ਜਾਂ ਰਾਜਵੰਤ?' ਨਸੀਹਤਾਂ ਦਾ ਮੀਂਹ ਵਰ੍ਹਦਾ 'ਮਰਦੇ ਦੀ ਸੇਵਾ ਤੁਰੰਤ ਮਿਲਦੈ ਮੇਵਾ ਭਾਈ। ਗੰਗਾ ਜਲ ਮੰਗਵਾ ਲਿਆ? ਤੁਰੰਤ ਨਹੀਂ ਲੱਭਦਾ ਕੁਝ। ਗੁਟਕੇ ਮੰਗਵਾਉ ਪੰਜ ਸੱਤ। ਜਿਵੇਂ ਘੋਰੜੂ ਵੱਜੇ, ਬਾਣੀ ਪੜ੍ਹੋ ਕੰਨਾਂ 'ਚ। ਭੁੱਲ ਕੇ ਸਰ੍ਹਾਣੇ ਨਾ ਖੜੋ। ਮਰਦੇ ਦੀ ਸੁਤ੍ਹਾ ਜਾਂਦੀ ਐ ਖੜੇ ਬੰਦੇ 'ਚ।'

ਮੌਤ ਲਟਕ ਗੀ ਤਾਂ ਨਸੀਹਤਾਂ ਬਦਲੀਆਂ, 'ਚਾਕੂ ਛੁਰੀ ਨਹੀਂ ਪਈ ਮੰਜੇ 'ਤੇ? ਲੋਹੇ ਤੋਂ ਬਹੁਤ ਡਰਦੇ ਐ ਫਰੇਸਤੇ। ਐਵੇਂ ਲਟਕਿਆਂ ਰਹਿੰਦੈ ਬੰਦਾ। ਕਿਸੇ ਨੂੰ ਮਿਲਣ ਦੀ ਭਾਖਿਆ ਨਹੀਂ ਕੱਢੀ ਮੂੰਹੋਂ? ਕੱਢੀ ਐ ਤਾਂ ਤੁਰੰਤ ਬੁਲਾਓ ਬੰਦਾ। ਏਹੋ ਜਹੇ ਦੀ ਵਾਜ ਕੰਨੀ ਪਈ ਨਹੀਂ ਤੇ ਜਾਨ ਨਿਕਲੀ ਨਹੀਂ। ਬੂਹੇ ਨਾ ਬੰਦ ਕਰਿਉ ਭੁੱਲ ਕੇ ਵੀ..ਦੂਹੋ-ਦੂਹ ਆਉਂਦੇ ਐ ਜਮਦੂਤ..'

ਜਿੰਨੇ ਮੂੰਹ ਓਨੀਆਂ ਗੱਲਾਂ। ਸੁਣ-ਸੁਣ ਟੱਬਰ ਕੰਬਦਾ। ਪੁੱਤਰ ਬਾਹਰ ਗਏ ਬਿੰਦੇ-ਬਿੰਦੇ ਗੇੜਾ ਮਾਰਦੇ। ਨਾ ਜਾਣੀਏਂ ਕਦ ਲੋੜ ਪੈ ਜਾਵੇ। ਨੰਜੇ ਯੂ ਪੀ ਤੋਂ ਬੀਅ ਲੈਣ ਜਾਣਾ ਸੀ। ਸੁੱਚੇ ਨੀਤੂ ਦਾ ਸਾਹਾ ਕਢਾਉਣਾ ਸੀ, ਨਹੀਂ ਗਏ। ਟੱਬਰ ਸੁੱਤਾ ਪਿਆ ਵੀ ਜਾਗਦਾ ਰਹਿੰਦਾ। ਨੂੰਹਾਂ ਤਾਂ ਜਾਗਣ ਦੀ ਵਾਰੀ ਬੰਨ੍ਹ ਲਈ।

ਮੌਤ ਸੀ ਕਿ ਦਸਤਕ ਹੀ ਨਹੀਂ ਸੀ ਦੇ ਰਹੀ..।

ਸਭ ਤੋਂ ਵੱਡੀ ਚਿੰਤਾ ਗੁਰੋ ਦੇ ਹਾਲ ਪਰ੍ਹਿਆ ਨਾ ਕਰਨ ਦੀ ਸੀ। ਗੁੰਮਸੁੰਮ ਪਈ ਸੀ। ਕਦੇ ਹਾਜਤ ਵੇਲੇ ਅੱਖ ਪੱਟਦੀ। ਸਹਾਰੇ ਨਾਲ ਬੈਠਦੀ। ਅੱਖਾਂ ਦੇ ਡੂੰਘੇ ਕੋਇਆਂ ਵਿੱਚੋਂ ਗਰਕੀ ਵੱਲ ਝਾਕਦੀ। ਮਦਦ ਨਾਲ ਕਿਰਿਆ ਸਾਧਦੀ ਤੇ ਮੰਜੀ 'ਤੇ ਪੈਂਦੀ ਗੁੰਮ। ਕੋਈ ਦੋ ਚਮਚ ਦਲੀਆ ਅੰਦਰ ਲੰਘਾਉਂਦਾ ਤਾਂ ਨਿਗਲਦੀ, ਨਹੀਂ ਦਾਣਾ ਪਾਣੀ ਖਤਮ। ਡਰ ਉਦੋਂ ਲੱਗਦਾ ਜਦੋਂ ਅੱਖਾਂ ਦੇ ਡੂੰਘੇ ਕੋਇਆਂ ਵਿੱਚੋਂ ਅਪਲਕ ਝਾਕਦੀ ਲਗਾਤਾਰ। ਸੂਏ ਚੁਭਣ ਲੱਗਦੈ। ਅੱਖਾਂ ਸੁੰਗੜਦੀਆਂ ਤਾਂ ਲੱਗਦਾ, ਗਈ। ਅਚਾਨਕ ਹੱਥ ਕੰਬਦੇ। ਬੁੱਲ੍ਹ ਫਰਕਦੇ। ਬੁੱਲ੍ਹਾਂ ਵਿੱਚ ਤੜਫਦੇ ਬੋਲ, ਪਹਿਲਾਂ ਸਹਿਕਦੇ, ਫਿਰ ਮਰਦੇ, ਹਿਰਦੇ ਵਾਢ੍ਹ ਪਾਉਂਦੇ। ਇਹ ਉਹੋ ਗੁਰੋ ਸੀ ਜੀਹਦੇ ਬੋਲ ਮਿਰਦੰਗ ਵਾਂਗ ਗੂੰਜਦੇ ਸਨ। ਟੱਬਰ ਜਾਚੇ ਇਹਦੀ ਉਹ ਆਪ ਜ਼ਿੰਮੇਵਾਰ ਸੀ..।

ਸਭ ਨੇ ਹੱਥ ਜੋੜੇ। ਤਰਲੇ ਲਏ। ਮਿੰਨਤਾਂ ਕੀਤੀਆਂ। ਵਾਸਤੇ ਦਿੱਤੇ। ਬਈ ਰੱਬ ਦਾ ਵਾਸਤਾ ਜਦ ਵੀਹ ਸਾਲਾਂ ਤੋਂ ਪੁੱਤਾਂ ਘਰ ਦਾ ਸੀਧਾ ਚੱਕ ਲਿਆ ਤਾਂ ਨਿੱਕੀ-ਨਿੱਕੀ ਗੱਲ ਵਿੱਚ ਦਖਲ ਕਿਉਂ? ਜ਼ਮਾਨਾ ਬਦਲ ਗਿਆ। ਉਮਰ ਨੱਬਿਆਂ ਨੂੰ ਜਾ ਚੁੱਕੀ। ਡੰਗੋਰੀ ਫੜੋ ਤੇ ਅਗਲਿਆਂ ਨਾਲ ਕਰੋ ਗੱਲਾਂ। ਛੱਡੋ ਮੋਹ ਮਾਇਆ। ਪਰ ਬੇਬੇ ਡੰਗੋਰੀ ਫੜਨ ਲਈ ਤਿਆਰ ਹੀ ਨਹੀਂ ਸੀ।

'ਜਦ ਨੈਣ ਪ੍ਰਾਣ ਚਲਦੇ ਐ ਤਾਂ ਡੰਗੋਰੀ ਦੀ ਮੁਹਤਾਜੀ ਕਿਉਂ?' ਏਧਰ ਆ ਕੇ ਗੁਰੋ ਨੇ ਵੀਹ ਸਾਲ ਫਸਲ ਬੀਜੀ। ਵੱਢੀ। ਗਾਹੀ। ਵੇਚੀ। ਲਿਆਰੀਆਂ ਨਾਲ ਖੁਰਲੀਆਂ ਭਰ ਦਿੱਤੀਆਂ। ਅਨਾਜ ਨਾਲ ਭੜੋਲੇ ਤੂਸ ਦਿੱਤੇ। ਹੁਣ ਜਿਹੜਾ ਟੱਬਰ ਡਾਲਡਾ ਤੇ ਸਬਜ਼ੀ ਮੁੱਲ ਲੈ ਕੇ ਖਾਂਦਾ ਸੀ, ਉਹ ਮੱਤਾਂ ਦੇ ਰਿਹਾ ਸੀ।

ਪੋਤੇ ਪੋਤੀਆਂ ਨੂੰ ਲੱਗਦਾ, ਸਮਾਂ ਉਡ ਰਿਹਾ ਸੀ, ਦਾਦੀ ਰੀਂਗ ਰਹੀ ਸੀ। ਫਰਕ ਦਿਨ ਰਾਤ ਦਾ ਸੀ। ਪੁੱਤਾਂ ਲਈ ਇਕੋ ਰਾਹ ਸੀ ਬੇਬੇ ਨੂੰ ਬੂਹੇ ਦੀ ਚੌਧਰ ਦਿਉ, ਤੇ ਟੋਕਾ ਟਕਾਈ ਦਾ ਫਸਤਾ ਵੱਡੋ।

ਗੁਰਾਂ ਦੇਈ ਭਾਂਪ ਗਈ। ਘਰ ਵਿੱਚ ਉਹਦੇ ਲਈ ਕੋਈ ਥਾਂ ਨਹੀਂ। ਉਹ ਨਾ ਰੋਈ। ਨਾ ਬਖੇੜਾ ਕੀਤਾ। ਬੱਸ ਇਸ ਅਹਿਸਾਸ ਨਾਲ, ਉਹਨੇ ਸਾਰੀ ਸੱਤਿਆ ਦੇਹ ਵਿੱਚੋਂ ਰੱਤ ਮੁੱਕਣ ਵਾਂਗ ਕਤਰਾ-ਕਤਰਾ ਮੁੱਕਦੀ ਵੇਖੀ, ਮਹਿਸੂਸ ਕੀਤੀ ਅਤੇ ਕੁਝ ਦਿਨਾਂ ਵਿੱਚ ਹੀ ਕਈ ਵਰ੍ਹਿਆਂ ਦੀ ਅਉਧ ਹੰਢਾ ਕੇ ਬਿਰਧ ਹੋ ਗਈ।

ਕਈ ਦਿਨ ਮੰਜੇ ਤੋਂ ਹੀ ਨਾ ਉਠੀ। ਮੋਇਆਂ ਹਾਰ ਪਈ ਰਹੀ। ਸਵੇਰੇ ਸ਼ਾਹ ਮੰਜੇ 'ਤੇ ਹੀ ਰੋਟੀ ਪਾਣੀ ਮਿਲਣ ਲੱਗਾ। ਜੀਆਂ ਨਾਲ ਗੱਲ ਕਰਨ ਤੋਂ ਵੀ ਤਰਸ ਗਈ ਤਾਂ ਉਸ ਮੰਨ ਹੀ ਲਿਆ ਕਿ ਮੌਤ ਉਸ ਤੋਂ ਬਹੁਤੀ ਦੂਰ ਨਹੀਂ ਸੀ।

ਫਿਰ ਵੀ ਉਹ ਹੌਸਲੇ ਵਿੱਚ ਸੀ। ਡਿਉਢੀ ਵਿੱਚ ਮੰਜੇ 'ਤੇ ਪਈ ਹਰ ਅੰਦਰ ਬਾਹਰ ਵੜਦੇ ਲਈ ਅਸੀਸਾਂ ਦੀ ਝੜੀ ਲਾਈ ਰੱਖਦੀ। ਹਨੇਰ ਸਵੇਰੇ ਟੱਬਰ ਲਈ ਸੁੱਖਣਾ ਸੁੱਖਦੀ ਕੀੜੀਆਂ ਦੀਆਂ ਖੁੱਡਾਂ 'ਤੇ ਆਟਾ ਧੂੜਦੀ, ਕੀੜੀਆਂ ਨਾਲ ਹੀ ਗੱਲਾਂ ਕਰੀ ਜਾਂਦੀ। ਜਾਂ ਆਸਮਾਨ ਵੱਲ ਹੱਥ ਫੈਲਾਅ ਕੇ ਪਤਾ ਨਹੀਂ ਕੀ-ਕੀ ਮੰਗਦੀ ਰਹਿੰਦੀ। ਪੋਤੇ ਪੋਤੀਆਂ ਟਿੱਚਰਾਂ ਕਰਦੇ। 'ਦਾਦੀ ਦੀਆਂ ਸਿੱਧੀਆਂ ਗੱਲੈਂ ਰੱਬ ਨਾਲ।' ਨੀਤੂ ਆਖਦੀ।

'ਮੈਂ ਤਾਂ ਇੰਗਲੈਂਡ ਦਾ ਵੀਜ਼ਾ ਲਵਾਊਂ ਰੱਬ ਤੋਂ, ਦਾਦੀ ਦੀ ਸਿਫਾਰਸ਼ ਨਾਲ।' ਰਿੰਪੀ ਆਖਦੀ।

ਸੁੱਚਾ ਤੇ ਨੰਜਾ ਵੱਖ ਬੇਬੇ ਨੂੰ ਹਟਕਦੇ, 'ਬੇਬੇ ਰੰਗ ਤਾਂ ਲੱਗੇ ਪਏ ਐ, ਹੋਰ ਕੀ ਚਾਹੀਦੈ ਜਿਹੜਾ ਆਟਾ ਡੋਲ੍ਹਦੀ ਫਿਰਦੀ ਐ ਖੁੱਡਾਂ 'ਤੇ..!'

ਗੁਰੋ ਨਾ ਹਟਣਾ ਸੀ, ਨਾ ਹਟੀ..। ਇਕ ਦਿਨ ਟਿੱਬੀ ਤੋਂ ਬਿੜਕ, ਕੰਗਰੋੜ ਦੇ ਮਣਕੇ ਹਿਲਾਅ ਕੇ ਮਹੀਨਿਆਂ ਲਈ ਤਖਤਪੋਸ਼ 'ਤੇ ਆ ਪਈ। ਜੀਹਦਾ ਡਰ ਸੀ ਉਹੋ ਹੋਇਆ। ਗਿੱਲਾ ਪੀਹਣਾ ਪੈ ਗਿਆ। ਬੜੇ ਇਲਾਜ ਕਰਾਏ। ਕਦੇ ਹੇਠਲਾ ਹਿੱਸਾ ਸੁੰਨ। ਕਦੇ ਮੱਖੀ ਦੀ ਵੀ ਕਾਣਤ ਮੰਨਦੀ। ਕਦੇ ਪਿਸ਼ਾਬ ਨਾਲ ਬਿਸਤਰ ਭਿੱਜ ਜਾਂਦਾ।

ਇਕ ਦਿਨ ਤਪੀ ਹੋਈ ਨੀਤੂ ਆਈ। 'ਦਾਦੀ ਆਪਦੇ ਰੱਬ ਨੂੰ ਕਹਿ ਲੈ ਕਿ ਤੁਰਦਾ ਹੋਵੇ। ਤੇਰੇ ਲਈ ਨਹੀਂ ਰਿਹਾ ਕੋਈ ਨਰਕ ਸਵਰਗ?'

ਨੀਤੂ ਇਕ ਤਰ੍ਹਾਂ ਚੀਕੀ ਸੀ। ਗੁਰੋ ਅੱਖਾਂ ਤਾਂ ਪੱਟੀਆਂ। ਬੁੱਲ੍ਹ ਵੀ ਹਿੱਲੇ..ਪਰ ਕੁਝ ਕਹਿ ਨਾ ਸਕੀ। ਉਸੇ ਤ੍ਰਕਾਲ ਗੁਰੋ ਦੀਆਂ ਅੱਖਾਂ ਤਾੜੇ ਲੱਗ ਗਈਆਂ। ਟੱਬਰ ਦੀ ਭੂੱਬ ਨਿਕਲ ਗਈ।

'ਸ਼ਰਮ ਨਹੀਂ ਆਈ ਇਤਨੀ ਗੱਲ ਆਖਦੇ?' ਮਾਂ ਕਲਪੀ।

'ਮਰੇ ਕਹੇ ਮਰ ਤਾਂ ਨਹੀਂ ਗਈ। ਬਹੁਤਾ ਹੈਜ ਐ ਤਾਂ ਮੰਮੀ ਬਣਾ ਕੇ ਰੱਖ ਲਉ ਘਰੇ।' ਨੀਤੂ ਦਾ ਸਬਰ ਟੁੱਟ ਗਿਆ। ਅਸਲ 'ਚ ਗੁਰੋ ਦੇ ਸਾਹਾਂ 'ਚ ਨੀਤੂ ਦੇ ਵਿਆਹ ਦਾ ਸਾਹਾ ਅਟਕਿਆ ਪਿਆ ਸੀ।

ਇਕ ਦਿਨ ਗੁੱਲੂ ਨੇ ਕਿਹਾ, 'ਮੈਂ ਤਾਂ ਕਹਿੰਨਾ ਹਸਪਤਾਲ ਦਾਖਲ ਕਰਾਓ ਪਰ੍ਹਾਂ। ਨਾਲੇ ਲੋਕ ਨਹੀਂ ਕਹਿਣਗੇ, ਦਵਾਈ ਖੁਣੋ ਮਾਰਤੀ ਬੁੜ੍ਹੀ।'

ਸੁੱਚਾ ਤੇ ਨੰਜਾ ਹਸਪਤਾਲ ਲਈ ਰਾਜ਼ੀ ਨਾ ਹੋਏ। ਅਵੇਸਲੇ ਜ਼ਰੂਰ ਹੋਗੇ। ਅਵੇਸਲੇ ਹੋਣ ਦਾ ਇਕ ਕਾਰਨ ਇਹ ਸੀ ਕਿ ਪਿਛਲੇ ਦਿਨਾਂ ਵਿੱਚ ਜਿਤਨੀ ਵੇਰੀਂ ਬੇਬੇ ਹੋਸ਼ ਵਿੱਚ ਆਈ, ਨਾ ਉਸ ਹਾਲ ਪਾਰ੍ਹਿਆ ਕੀਤੀ, ਨਾ ਕੁਝ ਮੰਗਿਆ। ਬਸ ਅਪਲਕ ਦੇਖਦੀ ਰਹਿੰਦੀ। ਅੱਖਾਂ ਵਿੱਚ ਅੱਥਰੂ ਭਰਦੀ। ਬੁੱਲ੍ਹਾਂ ਵਿੱਚ ਕੁਝ ਬੁਦਬੁਦਾਉਂਦੀ ਅਤੇ ਇਸ ਤਰ੍ਹਾਂ ਮੱਥਾ ਤਣਦੀ ਜਿਵੇਂ ਕਿਸੇ ਅਕਹਿ ਪੀੜ ਵਿੱਚੋਂ ਲੰਘ ਰਹੀ ਹੋਵੇ। ਅੱਜ ਅਜਿਹੀ ਗੱਲ ਦਾ ਕੋਈ ਕੀ ਫਿਕਰ ਕਰੇ?' ਵੱਧ ਤੋਂ ਵੱਧ ਬੁੱਲ੍ਹ ਫਰਕਦੇ। ਅੱਖਾਂ 'ਚੋਂ ਪਾਣੀ ਸਿੰਮਦਾ। ਅਪਲਕ ਦੇਖੀ ਜਾਣਾ। ਭਾਣਹੀਣ। ਨਿਰਛਲ। ਨਿਰਵਿਕਾਰ।

ਇਸ ਲਈ ਕਈ ਦਿਨਾਂ ਤੋਂ ਟੱਬਰ ਬੇਫਿਕਰ ਸੌਂ ਰਿਹਾ ਸੀ। ਕੋਈ ਪਹਿਲਾਂ ਉਠਣ ਵਾਲਾ ਨਬਜ਼ ਟੋਂਹਦਾ। ਨੱਕ ਦੇ ਸਵੱਰ ਤੋਂ ਤਸੱਲੀ ਕਰਦਾ। 'ਹੈਗੀ ਐ' ਕਹਿ ਕੇ ਕੰਮ ਲੱਗ ਜਾਂਦਾ।

ਅਚਾਨਕ ਗਜ਼ਬ ਹੋ ਗਿਆ। ਇਕ ਸਵੇਰ ਗੁਰੋ ਦੇਖਦੇ ਚੀਕ ਮਾਰੀ। ਬੇਬੇ ਮੰਜੇ ਤੋਂ ਡਿੱਗੀ ਪਈ ਸੀ।

ਖੇਲ੍ਹ ਖਤਮ। ਅੱਖ ਦੇ ਫੋਰ 'ਚ ਟੱਬਰ ਉਠ ਖੜ੍ਹਿਆ। ਨੂੰਹਾਂ ਰੋਣ ਲੱਗੀਆਂ ਤਾਂ ਸੁੱਚੇ ਹਟਕਿਆ।

'ਰੁਕੋ! ਪਹਿਲਾਂ ਟਾਈਮ ਦੇਖੋ ਕੀ ਐ?'

'ਚਾਰ।' ਕਿਸੇ ਕਿਹਾ।

'ਪਹਿਲਾਂ ਬਿਸਤਰ ਬਦਲੋ ਛੇਤੀ..ਨਾਲ ਬੇਬੇ ਦੇ ਕੱਪੜੇ ਵੀ।' ਉਸ ਪਤਨੀ ਨੂੰ ਕਿਹਾ। 'ਰਾਜਵੰਤ ਨੂੰ ਬੇਬੇ ਕੋਲ ਬਿਠਾਅ। ਕੁੜੀਆਂ ਨੂੰ ਚਾਹ ਪਾਣੀ ਪਿਆ ਤੇ ਬਿਸਤਰੇ ਚੁੱਕ ਸਾਰੇ। ਤੁਸੀਂ ਨਾਲ ਚੱਲੋ ਮੇਰੇ।' ਉਹਨੇ ਨੰਜੇ, ਗੁੱਲੂ ਤੇ ਬੱਬੂ ਨੂੰ ਕਿਹਾ। ਉਹ ਸੁਫੇ 'ਚ ਆ ਰਹੇ।

'ਤੂੰ ਮੰਡੀ ਨੂੰ ਕਰ ਖਿੱਟ, ਲੱਕੜ ਬਾਲਣ ਦਾ ਕਰ ਇੰਤਜ਼ਾਮ।' ਉਸ ਨੰਜੇ ਨੂੰ ਕਿਹਾ। 'ਤੂੰ ਸਮੱਗਰੀ ਲਿਖ ਸਾਰੀ। ਖੱਫਣ, ਚੰਦਨ, ਘਿਉ, ਬਾਕੀ ਨਿੱਕ ਸੁੱਕ।

ਅਚਾਨਕ ਚਿੰਤ ਕੁਰ ਆ ਖੜੀ, 'ਕੌਣ ਜਾਊ ਮੰਡੀ?'

'ਕਿਉਂ?'

'ਬੇਬੇ ਲਈ ਚੁੰਨੀ ਚਾਹੀਦੀ ਐ ਚਿੱਟੀ, ਵਧੀਆ। ਇਕ ਵੱਖਰੀ ਮੇਰੇ ਲਈ ਵੀ..।'

'ਦੇਖੋ ਇਹਦੀ ਅਕਲ..ਪਹਿਲਾਂ ਤੈਨੂੰ ਹੀ ਨਾ ਫੂਕ ਲਈਏ? ਖੱਫਣ ਨਾਲ ਘਰ ਦਾ ਕੱਪੜ ਵੀ ਖਰੀਦੇਂਗੀ?'

'ਮੇਰੇ ਕੋਲ ਹੈ ਨਹੀਂ ਕੋਈ ਚੱਜ ਦੀ..'

'ਏ ਜਾਹ ਤੂੰ ਕੰਮ ਕਰ ਮੂਰਖ ਕਿਸੇ ਥਾਂ ਦੀ..। ਹਾਂ ਤਾਂ ਬੱਬੂ, ਤੂੰ ਜਾਹ ਪੁੱਤ ਆਪਣੇ ਤੇ ਗੁੱਲੂ ਦੇ ਨਾਨਕੇ। ਬਾਅਦ ਦੁਪਹਿਰ ਦਾ ਕਹਿ ਸਸਕਾਰ ਦਾ..ਗੁੱਲੂ ਤੂੰ ਸਾਮਾਨ ਲਿਖ..।'

'ਦੱਸੋ ਤੁਸੀਂ, ਲਿਖਣ ਨੂੰ ਕੀ ਐ।'

'ਭਾਈ ਨੂੰ ਅਰਦਾਸ ਲਈ ਕਹਿਣੈ। ਪਾਣੀ ਦਾ ਟੱਬ ਵਿਹੜੇ ਵਿੱਚ ਤੇ ਵੀਹ ਕਿਲੋ ਦੁੱਧ ਡੇਅਰੀ ਤੋਂ। ਧੀਰੂ ਨੂੰ ਕਹਿਣੈ, ਚਾਹ ਬਣਦੀ ਰਹੇ। ਨੰਜਾ ਸਿਹਾਂ ਇਕ ਗੱਲ ਤਾਂ ਭੁੱਲ ਹੀ ਗਿਆ। ਬਬਾਣ ਸਜਾਉਣ ਲਈ ਕਾਗਤੀ, ਫੁੱਲ, ਲੜੀਆਂ, ਭੁਕਾਨੇ। ਪਤਾਸੇ, ਮੂੰਗਫਲੀਆਂ, ਸਿਵਿਆਂ 'ਚ ਵੰਡਣ ਲਈ।'

'ਪੈਸੇ ਬਦਾਮ ਛੁਹਾਰੇ ਨਹੀਂ ਸਿੱਟੋਗੇ ਬਬਾਣ ਤੋਂ?' ਬੂੱਬ ਯਾਦ ਕਰਵਾਇਆ।

'ਓ ਹਾਂ, ਇਹ ਭੁੱਲ ਗਏ। ਹੋਰ ਕਰੋ ਯਾਦ। ਦੇਖਿਆ ਨਹੀਂ ਸੀ, ਦੁਆਬੀਆਂ ਕੀ ਬੁੜ੍ਹੀ ਵੇਲੇ ਕੀ ਜਲੂਸ ਨਿਕਲਿਆ।' ਚਿੰਤ ਕੁਰ ਫਿਰ ਆ ਖੜੀ, 'ਨੀਤੂ ਕੇ ਸਹੁਰਿਆਂ ਨੂੰ ਸੱਦਣੈ।'

'ਦੇਖੋ ਇਸ ਤੀਵੀ ਦੀ ਮੱਤ? ਕੱਚੇ ਕੁਆਰੇ ਸਾਕਾਂ ਨੂੰ ਮਰਗਦਾ 'ਤੇ ਸੱਦੇਂਗੀ?'

'ਮੈਂ ਕਿਹਾ ਬੇਬੇ ਨੂੰ ਚਾਅ ਬੜਾ ਸੀ ਨੀਤੂ ਦੇ ਵਿਆਹ ਦਾ।' ਚਿੰਤ ਕੁਰ ਅੱਖਾਂ ਭਰ ਆਈ।

'ਫੁੱਲਾਂ ਦਾ ਵੀ ਸੋਚ ਲਉ।' ਨੰਜਾ ਆਖ ਰਿਹਾ ਸੀ।

'ਅੱਜ ਫੂਕਾਂਗੇ ਤਾਂ ਕੱਲ੍ਹ ਹੀ ਚੁਗਾਂਗੇ। ਹਾਂ ਇਕ ਗੱਲ, ਆਪਣੇ ਲਾਗੀ ਨੂੰ ਕਿਹੋ ਸਸਕਾਰ ਵੇਲੇ ਨੇੜੇ ਰਹੇ। ਲੋਈਆਂ, ਦੁਸ਼ਾਲੇ ਉਹਨੂੰ ਚੁਕਾਉ ਗਰੀਬ ਨੂੰ।'

'ਮੂੰਗਫਲੀ ਪਤਾਸੇ ਲਫਾਫਿਆਂ ਵਿੱਚ ਦੇਈਏ ਕੇ ਖੁੱਲ੍ਹੇ?'

'ਖੁੱਲ੍ਹੇ ਦਿਉ ਬੁੱਕ-ਬੁੱਕ।'

'ਮੂੰਗਫਲੀਆਂ 'ਚ ਪਤਾਸੇ ਪਾਈਏ ਕੇ ਬਦਾਨਾ?' ਬੱਬੂ ਕਿਹਾ।

'ਨਾ, ਨਾ, ਬਦਾਨਾ ਤਾਂ ਦਿੱਸਣਾ ਨਹੀਂ।'

'ਦੇਖੋ, ਮੈਂ ਬੈਠਦਾਂ ਬੇਬੇ ਕੋਲ। ਗੁੱਲੂ ਲਿਆਊ ਦਰੀਆਂ ਗੁਰਦੁਆਰਿਉਂ।'

ਸਭ ਨੂੰ ਤੋਰ ਕੇ ਸੁੱਚਾ ਸਿਹੁੰ ਇਕ ਵਾਰ ਘਰ ਵਿੱਚ ਫਿਰ ਕੇ ਚੁਫੇਰੇ ਤਰਦੀ ਜਿਹੀ ਨਿਗਾਹ ਮਾਰੀ। ਸਭ ਕੁਝ ਥਾਂ ਸਿਰ ਸੀ। ਹਨੇਰੇ ਵਿੱਚ ਚਾਨਣ ਦੀਆਂ ਪਰਤਾਂ ਘੁਲ ਰਹੀਆਂ ਸਨ। ਰਾਜਵੰਤ ਉਵੇਂ ਬੇਬੇ ਦੀ ਪੁਆਂਦੀ ਉਧੀ ਪਾਈ ਬੈਠੀ ਸੀ। ਸੋਚ ਰਹੀ ਸੀ। ਸੱਸ ਨੇ ਧੀਆਂ ਤੋਂ ਵੱਧ ਰੱਕਿਆ ਅੱਜ ਸਾਥ ਛੱਡ ਗਈ।

ਸੁੱਚੇ ਕੁੜੀਆਂ ਨੂੰ ਬਾਹਰ ਬੈਠਕ 'ਚ ਜਾਣ ਨੂੰ ਕਿਹਾ। ਰਾਜਵੰਤ ਨੂੰ ਵੀ ਕਿਹਾ, ਉਹ ਜਾਵੇ ਤੇ ਭੁੰਜੇ ਵਿਛਾਉਣ ਲਈ ਕੁਝ ਲਿਆਵੇ। ਆਪ ਬੇਬੇ ਦੀ ਪੁਆਂਦੀ ਬੈਠ ਗਿਆ।

ਬੇਬੇ ਨਾਲ ਅੱਧੀ ਸਦੀ ਦਾ ਸਾਥ ਸੀ। ਮਨ ਅੰਦਰ ਖੋਹ ਪਈ। ਇਕੋ ਦੁੱਖ ਹੋਇਆ। ਪੋਤੇ ਪੋਤੀਆਂ ਨੂੰ ਬੇਬੇ ਰਾਸ ਕਿਉਂ ਨਾ ਆਈ। ਦਿਲ ਕੀਤਾ, ਜਾਂਦੀ ਵਾਰ ਮਾਂ ਦਾ ਮੂੰਹ ਦੇਖ ਲਵੇ। ਜਦੋਂ ਉਹ ਉਠਿਆ ਡਾਡ ਮਾਰ ਕੇ ਡਿੱਗਦਾ-ਡਿੱਗਦਾ ਬਚਿਆ। ਵਿਹੜੇ 'ਚ ਖੜ ਕੇ ਉਚੀ ਪੁੱਛਿਆ, 'ਬੇਬੇ ਦਾ ਪਾਸਾ ਕਿਸ ਪਰਤਿਆ?'

'ਕਿਸੇ ਨਹੀਂ।' ਸਭ ਅਵਾਕ ਖੜੇ ਸਨ।

'ਰੋਕੋ ਸਭ ਨੂੰ..।' ਉਹ ਹਨੇਰੀ ਵਾਂਗ ਅੰਦਰ ਗਿਆ ਤੇ ਬੇਬੇ ਨੂੰ ਝੰਜੋੜਿਆ।



'ਬੇਬੇ..ਬੇਬੇ..।' ਕੋਈ ਹਰਕਤ ਨਹੀਂ। ਹੱਥ ਫੜਿਆ। ਸੀਤ ਸੀ। ਨੱਕ ਅੱਗੇ ਹੱਥ ਕੀਤਾ। ਕੋਈ ਸਾਹ ਨਹੀਂ ਸੀ। ਫੜਿਆ ਹੱਥ ਛੱਡਣ ਹੀ ਲੱਗਾ ਸੀ ਕਿ ਅਚਾਨਕ ਫੜੇ ਹੱਥ ਵਿੱਚ ਥਰਥਰਾਹਟ ਹੋਈ। ਸੁੱਚਾ ਕੰਬਿਆ।

'ਬੇਬੇ..ਬੇਬੇ..' ਲੱਗਾ ਉਹ ਖੁਦ ਮਰ ਰਿਹਾ ਸੀ। ਉਹ ਫਿਰ ਬੇਬ ਦੇ ਚਿਹਰੇ ਲਾਗੇ ਨਿਵਿਆ। ਉਡੀਕਿਆ। ਬਹੁਤ ਦੇਰ ਬਾਅਦ ਬੇਬੇ ਦੇ ਕੋਇਆਂ ਤੋਂ ਪਲਕਾਂ ਸਰਕੀਆਂ। ਬੁੱਲ੍ਹ ਕੰਬੇ। ਹੱਥ ਵਿੱਚੋਂ ਕੰਬਣੀ ਲੰਘੀ..

ਸੁੱਚੇ ਦੀ ਭੁੱਬ ਨਿਕਲ ਗਈ।

ਇਕਾ ਇਕ ਸਾਰੇ ਟੱਬਰ ਦਾ ਹੀ ਅੜਾਟ ਉਚਾ ਹੋਇਆ।

ਟੱਬਰ ਭੁੱਲ ਹੀ ਗਿਆ। ਲੋਕ ਮੌਤ 'ਤੇ ਰੋਂਦੇ ਸਨ। ਉਹ ਮਾਂ ਦੇ ਜਿਉਂਦੇ ਹੋਣ 'ਤੇ ਰੋ ਰਹੇ ਸਨ।

ਫਾਰਮ ਵਿਚ ਕਾਮਿਆਂ ਦੀ ਲੋੜ

ਮਾਲਟਨ ਅਤੇ ਗੋਰ ਰੋਡ ਦੇ ਏਰੀਏ ਤੋਂ ਫਾਰਮ ਵਿਚ ਕੰਮ ਕਰਨ ਲਈ ਬੰਦਿਆਂ ਅਤੇ ਜਨਾਨੀਆਂ ਦੀ ਲੋੜ ਹੈ। ਫਰੀ ਰਾਈਡ ਦਿੱਤੀ ਜਾਵੇਗੀ ਅਤੇ ਵਧੀਆ ਪੇਅ ਹੈ। ਹਫ਼ਤੇ ਦੇ ਛੇ ਦਿਨ ਕੰਮ

ਸੰਪਰਕ: 647 765 4145

A-One Drivers TRAINING SCHOOL

G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
ਲੇਡੀਜ਼ ਇੰਸਟ੍ਰਕਟਰ
- ਮੁਫਤ ਪਿਕਅਪ ਅਤੇ ਡਰਾਪ ਆਫ਼
- ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਉਂਟ ਸਰਟੀਫਿਕੇਟ
- ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
- ਵਾਜਿਬ ਕੀਮਤ

647-998-7500 ਬਲਵਿੰਦਰ

Visions of Punjab
VISION ZOOMERTV
Airs Across Canada
Every Saturday
1:00 pm to 1:30 pm EST
10:00 am to 10:30 am PST
Mahal Entertainment Inc.
Cell:416-587-5520
Email: iqbalmahal46@gmail.com
Natasha Mahal Co-Host
Iqbal Mahal Producer & Host
Serving the South Asian Community Since 1976

GUNTAAS RADIO AM 530
Monday to Friday 10am to 11am
Jaswinder Kaur Taggar
jaswindertaggar3@yahoo.ca
647-765-2340 ● For Marketing 647-656-6648

PUNJABI RANG RADIO
CAIO 530AM
11pm-12am
Every Saturday
Chamkaur Singh
Producer/ Host
Cell: 416 662 1313
Email: punjabirang13@hotmail.com

GREAT OPPOURTUNITY TO INVEST IN NIAGRA FALLS

- Freehold Traditional 2-Storey townhouse
- 3 Bedroom + 2 Bedroom finished basement
- Deposit less than 10% in 5 months

Starting from low 400,000

✓ Freehold ✓ 25x100ft lot
✓ Individual Yard & Driveway ✓ Finished Basement

40k Deposit Structure: $10,000 Submitted with offer; $10,000 Submitted 90 days after Offer Date; $20,000 Submitted 150 days after Offer Date

Jagdish Grewal
Sales Representative
Residential | Commercial | Investment
(416) 970-5005
Century 21 President Realty Inc Brokerage*
www.vipcondonetwork.com
27 Armthorpe Rd Brampton #3, ON L6T 5M4 | Fax : 905-488-2101
Office: 905-488-2100 Ext. 348

BEST CANADIAN TRUCK & FORKLIFT TRAINING CENTRE
Registered as a Private Career College Under the Private Career College Act. 2005
- AZ Tractor trailer program
- Manual transmission & backup training everyday
- We welcome welfare workers & compensation clients
Open Seven Days
Forklift Re-Certification Only $79.00/-
Karnail Singh
416.670.3173 | 905.799.7333
27 Edvac Dr, Brampton, ON L6S 5X8

# ਭਾਰਤ ਨੂੰ ਬਚਾਉਣ ਲਈ ਧਰਮ-ਨਿਰਪੱਖ ਧਿਰਾਂ ਦੇ ਏਕੇ ਦੀ ਲੋੜ ਤਾਂ ਹੈ, ਪਰ...



ਜਤਿੰਦਰ ਪੰਨੂ

ਗੱਲ ਭਾਵੇਂ ਹਿੰਦੁਸਤਾਨ ਦੇ ਹਾਲਾਤ ਦੀ ਕਰਨੀ ਹੈ, ਪਰ ਸ਼ੁਰੂ ਸਾਨੂੰ ਇਸ ਵਾਰੀ ਅਮਰੀਕਾ ਦੀ ਰਾਸ਼ਟਰਪਤੀ ਚੋਣ ਦੇ ਮੁੱਦੇ ਤੋਂ ਕਰਨੀ ਪੈ ਰਹੀ ਹੈ। ਇਸ ਦਾ ਕਾਰਨ ਇਹ ਹੈ ਕਿ ਓਥੋਂ ਆਉਂਦੇ ਅਵਾੜੇ ਇਹ ਕਹਿੰਦੇ ਹਨ ਕਿ ਸਰਵੇਖਣਾਂ ਦੇ ਨਤੀਜੇ ਮੌਜੂਦਾ ਰਾਸ਼ਟਰਪਤੀ ਡੋਨਾਲਡ ਟਰੰਪ ਨੂੰ ਹਾਰਦਾ ਹੋਇਆ ਦੱਸ ਰਹੇ ਹਨ ਅਤੇ ਉਸ ਦੇ ਵਿਰੋਧੀ ਜੋਅ ਬਿਡੇਨ ਦਾ ਪ੍ਰਭਾਵ ਲਗਾਤਾਰ ਵਧਦਾ ਜਾਪਦਾ ਹੈ। ਇਹ ਗੱਲ ਸਿਰਫ ਏਨੀ ਕੁ ਠੀਕ ਲਗਦੀ ਹੈ ਕਿ ਸਰਵੇਖਣਾਂ ਮੁਤਾਬਕ ਜੋਅ ਬਿਡੇਨ ਕੁਝ ਮੂਹਰੇ ਤੇ ਡੋਨਾਲਡ ਟਰੰਪ ਕੁਝ ਪਿੱਛੇ ਜਾਪਦਾ ਹੈ, ਪਰ ਜੋਅ ਬਿਡੇਨ ਵੀ ਅਜੇ ਪੰਜਾਹ ਫੀਸਦੀ ਤੋਂ ਵੱਧ ਦੀ ਹਮਾਇਤ ਦੇ ਅੰਕੜੇ ਨਹੀਂ ਦੇ ਸਕਿਆ ਜਾਪਦਾ। ਦੋਵਾਂ ਦੇ ਅੰਕੜੇ ਜੋੜ ਕੇ ਜਦੋਂ ਨੱਬੇ ਫੀਸਦੀ ਦੇ ਕਰੀਬ ਬਣਦੇ ਹੋਣ ਤਾਂ ਬਾਕੀ ਦਸ ਫੀਸਦੀ ਦੇ ਕਰੀਬ ਜਿਹੜੇ ਲੋਕ ਅਜੇ ਚੁੱਪ ਹਨ, ਉਨ੍ਹਾਂ ਨੇ ਜਿੱਧਰ ਵਗਣਾ ਹੈ, ਉਹ ਜਿੱਤ ਸਕਦਾ ਹੈ ਅਤੇ ਸਾਰੇ ਅੰਕੜਿਆਂ ਦੇ ਬਾਵਜੂਦ ਜੇ ਡੋਨਾਲਡ ਟਰੰਪ ਜਿੱਤ ਗਿਆ ਤਾਂ ਹੈਰਾਨੀ ਨਹੀਂ ਹੋਵੇਗੀ। ਇਸ ਦਾ ਕਾਰਨ ਸਾਡੇ ਭਾਰਤ ਦੇ ਚੋਣ ਤਜਰਬੇ ਵਿੱਚ ਲੁਕਿਆ ਹੈ, ਜਿਸ ਵਿੱਚ ਪਿਛਲੀ ਪਾਰਲੀਮੈਂਟ ਚੋਣ ਤੋਂ ਇੱਕ ਹਫਤਾ ਪਹਿਲਾਂ ਆਪਣੇ ਸ਼ਹਿਰ ਦੇ ਬਾਜ਼ਾਰ ਦਾ ਇੱਕੋ ਗੇੜਾ ਸਾਨੂੰ ਕਈ ਕੁਝ ਸਮਝਣ ਦਾ ਸਹਾਇਕ ਬਣ ਗਿਆ ਸੀ। ਸਾਨੂੰ ਕੁਝ ਦੁਕਾਨਦਾਰ ਸੱਜਣਾਂ ਨਾਲ, ਜਿਹੜੇ ਬੜੇ ਪੁਰਾਣੇ ਜਾਣੂ ਸਨ, ਮਿਲਣ ਦਾ ਮੌਕਾ ਮਿਲਿਆ ਤਾਂ ਉਨ੍ਹਾਂ ਨੇ ਸਾਫ ਕਿਹਾ ਸੀ ਕਿ ਪਿਛਲੇ ਪੰਜ ਸਾਲ ਵਿੱਚ ਜਿੰਦਾਂ ਦਾ ਰਾਜ ਨਰਿੰਦਰ ਮੋਦੀ ਦੀ ਅਗਵਾਈ ਵਿੱਚ ਭਾਜਪਾ ਨੇ ਚਲਾਇਆ ਹੈ, ਉਸ ਨੇ ਸਾਡੇ ਸਾਰੇ ਕਾਰੋਬਾਰ ਦਾ ਬਹੁਤ ਬੁਰੀ ਤਰ੍ਹਾਂ ਭੱਠਾ ਬਿਠਾ ਦਿੱਤਾ ਹੈ, ਪਰ ਵੋਟ ਉਹ ਫਿਰ ਵੀ ਮੋਦੀ ਨੂੰ ਦੇਣ ਦੀ ਗੱਲ ਕਰਦੇ ਸਨ। ਜਦੋਂ ਕਾਰਨ ਪੁੱਛਿਆ ਤਾਂ ਕਹਿਣ ਲੱਗੇ ਕਿ 'ਅੱਠ ਸੌ ਸਾਲਾਂ ਬਾਅਦ ਸਾਡਾ ਰਾਜ ਆਇਆ ਹੈ, ਚੰਗਾ ਹੋਵੇ ਜਾਂ ਮਾੜਾ, ਇਹ ਮੌਕਾ ਅਸੀਂ ਨਹੀਂ ਗੁਆ ਸਕਦੇ।'

ਇਸ ਵਕਤ ਨਰਿੰਦਰ ਮੋਦੀ ਵਾਲੀ ਚੁਸਤੀ ਡੋਨਾਲਡ ਟਰੰਪ ਵਰਤ ਰਿਹਾ ਹੈ, ਸ਼ਾਇਦ ਮੋਦੀ ਨਾਲ ਨੇੜਤਾ ਕਾਰਨ ਸਿੱਖ ਗਿਆ ਹੈ। ਪਿਛਲੇ ਕੁਝ ਹਫਤਿਆਂ ਤੋਂ ਉਸ ਦੇਸ਼ ਵਿੱਚ ਜਿਸ ਤਰ੍ਹਾਂ ਨਸਲਵਾਦੀ ਮੁੱਦਾ ਉੱਭਰਿਆ, ਜਿਵੇਂ ਨਸਲਵਾਦ ਦਾ ਵਿਰੋਧ ਹੋਇਆ, ਉਸ ਤੋਂ ਅਸੀਂ ਲੋਕ ਤਸੱਲੀ ਕਰ ਸਕਦੇ ਹਾਂ ਕਿ ਲੋਕਾਂ ਵਿੱਚ ਨਸਲਵਾਦ ਵਿਰੋਧੀ ਜਾਗਰਤੀ ਆ ਰਹੀ ਹੈ, ਪਰ ਇਸ ਦੀ ਪ੍ਰਤੀਕਿਰਿਆ ਨੂੰ ਅਸੀਂ ਅੱਖੋਂ ਪਰੋਖਾ ਕਰ ਜਾਂਦੇ ਹਾਂ। ਭਾਰਤ ਵਿੱਚ ਅਸੀਂ ਇਸ ਗੱਲ ਨਾਲ ਬੜੀ ਤਸੱਲੀ ਕਰਦੇ ਰਹੇ ਸਾਂ ਕਿ ਏਥੇ ਘੱਟ-ਗਿਣਤੀਆਂ ਨਾਲ ਹੁੰਦੀਆਂ ਜ਼ਿਆਦਤੀਆਂ ਮੁੱਦਾ ਬਣ ਰਹੀਆਂ ਹਨ, ਪਰ ਦੂਸਰੇ ਪਾਸੇ ਉਨ੍ਹਾਂ ਭਾਈਚਾਰਿਆਂ ਦੀ ਸੋਚ ਸਾਨੂੰ ਭੁੱਲ ਜਾਂਦੀ ਰਹੀ, ਜਿਨ੍ਹਾਂ ਨਾਲ ਜ਼ਿਆਦਤੀਆਂ ਕਰਨ ਵਾਲੇ ਅਪਰਾਧੀ ਤੱਤ ਸਿੱਧੇ ਸੰਬੰਧਤ ਸਨ। ਬਹੁ-ਗਿਣਤੀ ਭਾਈਚਾਰੇ ਵਿੱਚ ਬਹੁਤ ਵੱਡੀ ਗਿਣਤੀ ਉਨ੍ਹਾਂ ਲੋਕਾਂ ਦੀ ਸੀ, ਜਿਹੜੇ ਹਿੰਸਾ ਪਸੰਦ ਨਹੀਂ ਕਰਦੇ, ਪਰ ਜਦੋਂ ਗੱਲ ਇਹ ਚੱਲਦੀ ਸੀ ਕਿ ਇਸ ਹਿੰਸਾ ਦੇ ਦੋਸ਼ੀਆਂ ਨੂੰ ਸਜ਼ਾ ਦੇਣੀ ਚਾਹੀਦੀ ਹੈ ਤਾਂ ਉਹ 'ਆਪਣੇ' ਭਾਈਚਾਰੇ ਦੇ ਅਪਰਾਧੀ ਤੱਤਾਂ ਵੱਲ ਨਰਮਾਈ ਦੀ ਸੋਚ ਰੱਖਦੇ ਸਨ ਤੇ ਦੂਸਰਿਆਂ ਦੇ ਹੰਝੂ ਪੂੰਝਣ ਲਈ ਸਿਰਫ ਹਾਅ ਦਾ ਨਾਅਰਾ ਮਾਰ ਦੇਣਾ ਹੀ ਕਾਫੀ ਸਮਝਦੇ ਸਨ। ਇਹ ਕੁਝ ਇਸ ਵੇਲੇ ਅਮਰੀਕਾ ਵਿੱਚ ਹੋਣ ਦੇ ਸੰਕੇਤ ਮਿਲਣ ਲੱਗੇ ਹਨ। ਗੈਰ-ਗੋਰੇ ਲੋਕਾਂ ਨਾਲ ਹਮਦਰਦੀ ਓਥੋਂ ਦੇ ਮਨੁੱਖਵਾਦੀ ਸੋਚ ਵਾਲੇ ਗੋਰੇ ਲੋਕਾਂ ਵਿੱਚ ਚੋਖੀ ਦਿਖਾਈ ਦੇਂਦੀ ਹੈ, ਪਰ ਉਸ ਭਾਈਚਾਰੇ ਅੰਦਰ ਬਹੁਤ ਸਾਰੇ ਲੋਕ ਇਸ ਸੋਚ ਵਾਲੇ ਵੀ ਹਨ, ਜਿਹੜੇ ਕਤਾਰਬੰਦੀ ਹੋ ਗਈ ਤਾਂ ਟਰੰਪ ਪਿੱਛੇ ਭੁਗਤ ਸਕਦੇ ਹਨ।

ਅਮਰੀਕਾ ਦੀ ਗੱਲ ਅਸੀਂ ਅਮਰੀਕੀ ਨਾਗਰਿਕਾਂ ਦੀ ਜ਼ਮੀਰ ਦੀ ਆਵਾਜ਼ ਉੱਤੇ ਛੱਡ ਕੇ ਭਾਰਤ ਬਾਰੇ ਸੋਚਣਾ ਸ਼ੁਰੂ ਕਰੀਏ ਤਾਂ ਇਸ ਵਿੱਚ ਧਰਮ ਨਿਰਪੱਖਤਾ ਦੀਆਂ ਸੁਰਾਂ ਇਸ ਵੇਲੇ ਪਹਿਲਾਂ ਜਿੰਨੀਆਂ ਤਾਕਤਵਰ ਨਹੀਂ ਰਹੀਆਂ। ਭਾਰਤ ਦੇ ਹਿੱਤ ਚਾਹੁਣ ਵਾਲੇ ਹੋਰ ਲੋਕਾਂ ਵਾਂਗ ਅਸੀਂ ਖੁਦ ਵੀ ਧਰਮ ਨਿਰਪੱਖਤਾ ਦੇ ਪੱਖ ਵਿੱਚ ਖੜੇ ਰਹੇ ਹਾਂ ਤੇ ਅੱਜ ਵੀ ਇਸ ਦਾ ਪੱਲਾ ਛੱਡਣ ਨੂੰ ਤਿਆਰ ਨਹੀਂ, ਪਰ ਹਕੀਕਤ ਇਹ ਹੈ ਕਿ ਬਹੁਤ ਸਾਰੇ ਕੱਲ੍ਹ ਦੇ ਧਰਮ-ਨਿਰਪੱਖ ਅੱਜ ਗੱਦੀਆਂ ਦੀ ਝਾਕ ਜਾਂ ਮਾਰ ਖਾਣ ਤੋਂ ਬਚਣ ਲਈ ਵਗਦੇ ਪਾਣੀ ਨਾਲ ਵਗਣਾ ਠੀਕ ਮੰਨਣ ਲੱਗੇ ਹਨ। ਹਾਲਾਤ ਏਨਾ ਮੋੜਾ ਕੱਟ ਚੁੱਕੇ ਹਨ ਕਿ ਜਿਹੜੀ ਕਾਂਗਰਸ ਪਾਰਟੀ, ਆਪਣੇ ਸੌ ਐਬਾਂ ਦੇ ਬਾਵਜੂਦ, ਧਰਮ-ਨਿਰਪੱਖ ਧਿਰਾਂ ਵਿੱਚੋਂ ਸਾਰਿਆਂ ਤੋਂ ਵੱਡੀ ਧਿਰ ਗਿਣੀ ਜਾਂਦੀ ਸੀ, ਉਸ ਦੇ ਕਈ ਲੀਡਰ ਵੀ ਆਨੇ-ਬਹਾਨੇ ਮੋਦੀ ਸਰਕਾਰ ਦੇ ਉਨ੍ਹਾਂ ਕਦਮਾਂ ਦੀ ਹਮਾਇਤ ਕਰਨ ਦੇ ਰਾਹ ਪੈ ਗਏ ਹਨ, ਜਿਹੜੇ ਕਦਮਾਂ ਦਾ ਪਹਿਲਾਂ ਵਿਰੋਧ ਕਰਿਆ ਕਰਦੇ ਸਨ। ਇਸ ਵੇਲੇ ਅਸਲੋਂ ਫਿਰਕੂ ਰੰਗ ਨਾਲ ਕੋਈ ਰਾਜ ਸਰਕਾਰ ਚੱਲਦੀ ਕਹੀ ਜਾ ਸਕਦੀ ਹੈ ਤਾਂ ਉੱਤਰ ਪ੍ਰਦੇਸ਼ ਦੀ ਸਰਕਾਰ ਉੱਤੇ ਉਂਗਲ ਧਰਨ ਵਿੱਚ ਕੋਈ ਵੀ ਦੇਰ ਨਹੀਂ ਕਰੇਗਾ, ਪਰ ਉਸ ਸਰਕਾਰ ਵਿੱਚ ਤਿੰਨ ਮੰਤਰੀ ਪੁਰਾਣੇ ਕਾਂਗਰਸੀ ਆਗੂ ਹਨ, ਜਿਹੜੇ ਕਾਂਗਰਸ ਵਿੱਚ ਹੁੰਦਿਆਂ ਤੋਂ ਭਾਜਪਾ ਨੂੰ ਫਿਰਕਾ ਪ੍ਰਸਤੀ ਦੀ ਝੰਡਾ ਬਰਦਾਰ ਕਹਿ ਕੇ ਭੰਡਦੇ ਹੁੰਦੇ ਸਨ। ਗੁਜਰਾਤ ਵਿੱਚ ਨਰਿੰਦਰ ਮੋਦੀ ਦੀ ਚੜ੍ਹਤ ਦਾ ਦੌਰ ਆਉਂਦੇ ਸਾਰ ਹੀ ਬਹੁਤ ਸਾਰੇ ਕਾਂਗਰਸੀ ਆਗੂ ਆਪਣੀ ਧਰਮ-ਨਿਰਪੱਖਤਾ ਨੂੰ ਪਹਿਲੀ ਪਾਰਟੀ ਦੇ ਵਿਹੜੇ ਵਿੱਚ ਢੇਰੀ ਕੀਤਿਆਂ ਬਗੈਰ ਛਾਲਾਂ ਮਾਰ ਕੇ ਭਾਜਪਾ ਵੱਲ ਚਲੇ ਗਏ ਸਨ ਅਤੇ ਉਸ ਪਾਸੇ ਜਾਣ ਦਾ ਇਹ ਵਹਿਣ ਅੱਜ ਵੀ ਜਾਰੀ ਹੈ। ਪੱਛਮੀ ਬੰਗਾਲ ਦੇ ਕਿੰਨੇ ਸੱਜਣ ਪਹਿਲਾਂ ਮਾਰਕਸੀ ਕਮਿਊਨਿਸਟ ਪਾਰਟੀ ਦੇ ਆਗੂ ਅਤੇ ਵਿਧਾਇਕ ਹੋਇਆ ਕਰਦੇ ਸਨ ਤੇ ਅੱਜ ਭਾਜਪਾ ਦੇ ਆਗੂ ਬਣੇ ਹੋਏ ਹਨ, ਇਹ ਵੀ ਗਿਣਤੀ ਦਾ ਦਿਲਸਚਪ ਵਿਸ਼ਾ ਹੋ ਸਕਦਾ ਹੈ। ਭਾਜਪਾ ਅਤੇ ਆਰ ਐੱਸ ਐੱਸ ਦੇ ਆਗੂਆਂ ਦੀ ਅੱਖ ਅੱਗੋਂ ਕੇਰਲਾ ਵੱਲ ਹੈ ਤੇ ਉਨ੍ਹਾਂ ਦੇ ਲੀਡਰ ਇਹ ਖੁੱਲ੍ਹਾ ਕਹਿ ਰਹੇ ਹਨ ਕਿ ਪੱਛਮੀ ਬੰਗਾਲ ਵਾਲਾ ਤਜਰਬਾ ਉਸ ਰਾਜ ਵਿੱਚ ਕੰਮ ਆਉਣ ਵਾਲਾ ਹੈ। ਅਸੀਂ ਸਮਝਦੇ ਹਾਂ ਕਿ ਏਦਾਂ ਕਰਨਾ ਸੌਖਾ ਨਹੀਂ, ਪਰ ਉਹ ਪੂਰੇ ਜ਼ੋਰ ਨਾਲ ਇਸ ਕੰਮ ਲੱਗੇ ਹੋਏ ਹਨ ਅਤੇ ਪੱਛਮੀ ਬੰਗਾਲ ਵਿੱਚ ਉਹ ਤ੍ਰਿਣਮੂਲ ਕਾਂਗਰਸ ਦੇ ਬੰਦੇ ਵੀ ਤੋੜਨ ਲਈ ਜ਼ੋਰ ਲਾ ਰਹੇ ਹਨ।

ਅਮਰੀਕਾ ਵਿੱਚ ਪੋਰਟਲੈਂਡ ਦੀਆਂ ਖਬਰਾਂ ਦੱਸਦੀਆਂ ਹਨ ਕਿ ਨਸਲਵਾਦ ਦੇ ਵਿਰੋਧੀਆਂ ਦੇ ਨਾਲ ਭਿੜਨ ਦੇ ਲਈ ਮੂਲਵਾਦੀਆਂ ਨੂੰ ਉਕਸਾਇਆ ਗਿਆ ਹੈ ਤੇ ਇਸ ਬਹਾਨੇ ਇੱਕ ਖਾਸ ਚੋਣ ਨੀਤੀ ਅੱਗੇ ਵਧਾਈ ਗਈ ਹੈ। ਭਾਰਤ ਦੀ ਚੋਣ ਨੀਤੀ ਵਿੱਚ ਇਹ ਕੰਮ ਚਿਰਾਂ ਤੋਂ ਹੁੰਦਾ ਰਿਹਾ ਹੈ ਤੇ ਪਿਛਲੀਆਂ ਦੋ ਪਾਰਲੀਮੈਂਟ ਚੋਣਾਂ ਵਿੱਚ ਲੋਕਾਂ ਲਈ ਕੀਤੇ ਕੰਮਾਂ ਬਦਲੇ ਵੋਟਾਂ ਮੰਗਣ ਦੀ ਬਜਾਏ ਜਿਵੇਂ 'ਅੱਠ ਸੌ ਸਾਲ ਬਾਅਦ' ਵਾਲੀ ਭਾਵਨਾ ਪੈਦਾ ਕੀਤੀ ਜਾਂਦੀ ਰਹੀ ਹੈ, ਉਹੋ ਵਰਤਾਰਾ ਇਸ ਵਕਤ ਬਹੁਤ ਸਾਰੇ ਦੇਸ਼ਾਂ ਵਿੱਚ ਅੱਗੇ ਵਧ ਰਿਹਾ ਹੈ। ਅਮਰੀਕਾ ਦੇ ਲੋਕ ਕਿਸ ਨੂੰ ਚੁਣਦੇ ਹਨ ਅਤੇ ਕਿਹੜੇ ਨੂੰ ਰੱਦ ਕਰਦੇ ਹਨ, ਇਹ ਗੱਲ ਉਸ ਦੇਸ਼ ਦੇ ਲੋਕਾਂ ਦੀ ਚੇਤਨਾ ਲਈ ਛੱਡ ਕੇ ਸਾਡੀ ਚਿੰਤਾ ਇਸ ਗੱਲ ਦੀ ਹੈ ਕਿ ਭਾਰਤ ਵਿਚਲੀ ਚੋਣ ਰਾਜਨੀਤੀ ਇਸ ਦੇਸ਼ ਨੂੰ ਮੱਧ-ਯੁੱਗੀ ਦੌਰ ਵੱਲ ਲਿਜਾ ਰਹੀ ਹੈ। ਇਸ ਨੂੰ ਰੋਕਣ ਦੀ ਲੋੜ ਹੈ, ਪਰ ਰੋਕਣ ਦਾ ਕੰਮ ਕੋਈ ਇੱਕ ਧਿਰ ਆਪਣੇ ਸਿਰ ਕਰਨ ਦਾ ਦਾਅਵਾ ਨਹੀਂ ਕਰ ਸਕਦੀ, ਇਸ ਦੇ ਲਈ ਸਾਰੀਆਂ ਧਰਮ-ਨਿਰਪੱਖ ਧਿਰਾਂ ਨੂੰ ਸਿਰ ਜੋੜਨ ਦੀ ਲੋੜ ਹੈ। ਬਦਕਿਸਮਤੀ ਦੀ ਗੱਲ ਹੈ ਕਿ ਧਰਮ-ਨਿਰਪੱਖ ਧਿਰਾਂ ਨੇ ਪਹਿਲਾਂ ਆਪਣੀ ਖਹਿਬੜ ਦੇ ਕਾਰਨ ਏਨਾ ਵਕਤ ਗੁਆ ਲਿਆ ਅਤੇ ਏਨਾ ਨੁਕਸਾਨ ਕਰ ਲਿਆ ਹੈ ਕਿ ਅੱਜ ਉਹ ਇਕੱਠੀਆਂ ਵੀ ਹੋ ਜਾਣ ਤਾਂ ਦੇਸ਼ ਵਿੱਚ ਨੰਗਾ ਨਾਚ ਨੱਚ ਰਹੀ ਫਿਰਕਾ ਪ੍ਰਸਤੀ ਨੂੰ ਝਟਾਪਟ ਰੋਕਣਾ ਏਨਾ ਸੌਖਾ ਨਹੀਂ ਹੋਣਾ। ਉਹ ਫਿਰ ਵੀ ਬਾਅਦ ਦੀ ਗੱਲ ਹੈ, ਪਹਿਲੀ ਗੱਲ ਤਾਂ ਇਹ ਹੈ ਕਿ ਧਰਮ-ਨਿਰਪੱਖ ਧਿਰਾਂ ਅੱਜ ਵੀ ਇਸ ਏਕੇ ਦੀ ਲੋੜ ਪਛਾਣਦੀਆਂ ਹਨ ਕਿ ਨਹੀਂ!

# ਸਿੱਖ ਭਾਈਚਾਰੇ ਨੂੰ ਗੰਭੀਰ ਚੁਣੌਤੀਆਂ ਦਾ ਸਾਹਮਣਾ



-ਡਾ ਐੱਸ ਪੀ ਸਿੰਘ-

ਇਸ ਸਮੇਂ ਸਿੱਖ ਧਰਮ ਦੀ ਸਿਆਸਤ ਨਵੀਆਂ ਕਰਵਟਾਂ ਲੈ ਰਹੀ ਹੈ, ਪਰ ਦੁੱਖ ਦੀ ਗੱਲ ਹੈ ਕਿ ਇਹ ਕਰਵਟਾਂ ਸਾਕਾਰਾਤਮਕ ਘੱਟ ਅਤੇ ਨਾਕਾਰ-ਾਤਮਕ ਵੱਧ ਹਨ। ਸਾਕਾਰਾਤਮਕ ਪੱਖ ਇਹ ਹੈ ਕਿ ਸ੍ਰੀ ਅਕਾਲ ਤਖ਼ਤ ਦੇ ਓਟ ਆਸਰੇ ਹੇਠ ਪੰਜ ਸਿੰਘ ਸਾਹਿਬਾਨ ਨੇ ਵੱਡੀ ਗਿਣਤੀ ਵਿੱਚ ਵੱਡੇ ਫੈਸਲੇ ਕੀਤੇ ਹਨ। ਇਨ੍ਹਾਂ ਫੈਸਲਿਆਂ ਦੀ ਭਾਵਨਾ ਨੇ ਇਹ ਆਸ ਦਿਵਾਈ ਹੈ ਕਿ ਸ੍ਰੀ ਅਕਾਲ ਤਖਤ ਵੱਲੋਂ ਤੱਤਪਰਤਾ ਤੇ ਸਰਗਰਮੀ ਨਾਲ ਪੰਥਕ ਮੁੱਦਿਆਂ ਸਬੰਧੀ ਅਗਵਾਈ ਕਰਨ ਦੀ ਸਮਰੱਥਾ ਤੇ ਪ੍ਰਤੀਬੱਧਤਾ ਦਾ ਪ੍ਰਗਟਾਵਾ ਕੀਤਾ ਹੈ। ਨਿਰ-ਸੰਦੇਹ ਪੰਥਕ ਧਿਰਾਂ ਵੱਲੋਂ ਸਮੇਂ ਸਮੇਂ ਵਿਚਾਰੇ ਗਏ, ਪਰ ਲਟਕੇ ਰਹੇ ਮਾਮਲਿਆਂ ਬਾਰੇ ਧਾਰੀ ਗਈ ਚੁੱਪ ਲਈ ਸ਼ੱਕ ਵੀ ਪੈਦਾ ਹੁੰਦੇ ਹਨ, ਜਿਵੇਂ ਸੁੱਚਾ ਸਿੰਘ ਲੰਗਾਹ ਨੂੰ ਅੰਮ੍ਰਿਤ ਛਕਾਉਣਾ, ਅਤੇ ਇਸ ਦੇ ਪਿੱਛੇ ਦੀ ਸਾਜ਼ਿਸ਼ ਬਾਰੇ ਵੀ ਪ੍ਰਭਾਵਸ਼ਾਲੀ ਚਿੰਤਾ ਦਾ ਪ੍ਰਗਟਾਵਾ ਵੀ ਨਹੀਂ ਕੀਤਾ ਗਿਆ। ਇਸੇ ਤਰ੍ਹਾਂ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮਸਲਿਆਂ ਨੂੰ ਹੱਲ ਕਰਨ ਲਈ ਸਭਨਾਂ ਧਿਰਾਂ ਦੀ ਮੀਟਿੰਗ ਵਿੱਚ ਪੜਤਾਲ ਕਮੇਟੀ ਬਣਾ ਕੇ ਦੋ ਮਹੀਨਿਆਂ ਵਿੱਚ ਭ੍ਰਿਸ਼ਟ ਪ੍ਰਬੰਧਾਂ ਬਾਰੇ ਸੱਚ-ਝੂਠ ਦਾ ਨਿਤਾਰਾ ਕਰਨਾ ਸੀ, ਪਰ ਛੇ ਮਹੀਨੇ ਦੇ ਕਰੀਬ ਲੰਘਣ ਦੇ ਬਾਵਜੂਦ ਅਜੇ ਕਮੇਟੀ ਹੀ ਨਹੀਂ ਬਣੀ। ਇਸੇ ਤਰ੍ਹਾਂ ਵਿਦੇਸ਼ਾਂ ਵਿੱਚ ਸਿੱਖਾਂ ਦੀਆਂ ਸਮੱਸਿਆਵਾਂ ਅਤੇ ਦੇਸ਼ ਦੇ ਵੱਖ-ਵੱਖ ਹਿੱਸਿਆਂ ਵਿੱਚ ਗੁਰਦੁ-ਆਰਾ ਸਾਹਿਬਾਨ ਤੇ ਬਾਹਰੀ ਤਾਕਤਾਂ ਵੱਲੋਂ ਕਬਜ਼ਿਆਂ ਬਾਰੇ ਕੋਈ ਕਾਰਵਾਈ ਨਹੀਂ ਕੀਤੀ ਗਈ। ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਵੱਲੋਂ ਕੁਝ ਮਸਲਿਆਂ ਵਿੱਚ ਦਿਖਾਈ ਸਰਗਰਮੀ ਸਾਕਾਰਾਤਮਕ ਕਦਮ ਮੰਨੀ ਜਾ ਸਕਦੀ ਹੈ, ਪਰ ਚਿਰਾਂ ਤੋਂ ਸ੍ਰੀ ਅਕਾਲ ਤਖਤ ਦੀ ਮਾਣ ਮਰਿਆਦਾ, ਕਾਰਜਸ਼ੈਲੀ ਬਾਰੇ ਲੱਗਦੇ ਪ੍ਰਸ਼ਨ ਚਿੰਨ੍ਹ ਕਈ ਪ੍ਰਕਾਰ ਦੀਆਂ ਦੁਬਿਧਾਵਾਂ ਪ੍ਰਗਟ ਕਰ ਰਹੇ ਹਨ ਜਿਸ ਕਾਰਨ ਸ੍ਰੀ ਅਕਾਲ ਤਖਤ ਦੇ ਜਥੇਦਾਰ ਦੀ ਅਗਵਾਈ ਵਿੱਚ ਪੰਜ ਤਖਤਾਂ ਦੇ ਸਿੰਘ ਸਾਹਿਬਾਨ ਦੁਆਰਾ ਕੀਤੇ ਫੈਸਲਿਆਂ ਬਾਰੇ ਕਿੰਤੂ-ਪ੍ਰੰਤੂ ਪੈਦਾ ਹੋਣੇ ਸੁਭਾਵਕ ਹਨ।

ਸ੍ਰੀ ਅਕਾਲ ਤਖਤ ਵੱਲੋਂ ਕੀਤੇ ਫੈਸਲਿਆਂ ਵਿੱਚੋਂ ਦੋ ਪ੍ਰਮੁੱਖ ਹਨ। ਇੱਕ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਪ੍ਰਕਾਸ਼ਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਵਨ ਸਰੂਪਾਂ ਦਾ ਰਿਕ-ਾਰਡ ਤੋਂ ਗਾਇਬ ਹੋਣਾ। ਇਸ ਬਾਰੇ ਜਥੇਦਾਰ ਵੱਲੋਂ ਦਿਖਾਈ ਸਰਗਰਮੀ ਤੇ ਤੱਤਪਰਤਾ ਪ੍ਰਸ਼ੰਸਾ ਦੀ ਪਾਤਰ ਹੈ, ਪਰ ਇਸ ਬਾਰੇ ਕੀਤੀ ਕਾਰਵਾਈ ਵਿੱਚ ਮੂਲ ਮੁੱਦੇ ਦਾ ਕੋਈ ਜੁਆਬ ਨਹੀਂ ਆਇਆ ਕਿ ਸਰੂਪ ਕਿੰਨੇ, ਕਿਵੇਂ ਅਤੇ ਕਿਉਂ ਗਾਇਬ ਹੋਏ ਸਨ ਤੇ ਇਸ ਪਿੱਛੇ ਕਿਹੜੀਆਂ ਸ਼ਕਤੀਆਂ ਸਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਹੇਠਲੀ ਕਤਾਰ ਦੇ ਮੁਲਾਜ਼ਮਾਂ ਉੱਤੇ ਐਕਸ਼ਨ ਲੈ ਲਿਆ, ਪਰ ਚੀਫ ਸਕੱਤਰ ਦੇ ਪਹਿਲਾਂ ਦਿੱਤੇ ਅਸਤੀਫੇ ਨਾਲ ਬੁੱਤਾ ਸਾਰਿਆ ਗਿਆ। ਇਸ ਨਾਲ ਸੰਗਤ ਦੀ ਸੰਤੁਸ਼ਟੀ ਨਹੀਂ ਹੋਈ ਜਾਪਦੀ ਤੇ ਇਸ ਬਾਰੇ ਵਧੇਰੇ ਗੰਭੀਰਤਾ ਨਾਲ ਵਿਚਾਰਨ ਦੀ ਲੋੜ ਹੈ। ਦੁਨਿਆਵੀ ਅਦਾਲਤਾਂ ਵਿੱਚ ਇਸ ਧਾਰਮਿਕ ਭਾਵਨਾ ਦੇ ਸੰਵੇਦਨਸ਼ੀਲ ਮੁੱਦਿਆਂ ਦਾ ਹੱਲ ਨਹੀਂ ਲੱਭਿਆ ਜਾ ਸਕਦਾ। ਇਸ ਮਸਲੇ ਬਾਰੇ ਗੰਭੀਰਤਾ ਅਤੇ ਸਾਬਤ ਕਦਮਾਂ ਨਾਲ ਹੀ ਮਸਲੇ ਦਾ ਹੱਲ ਲੱਭਿਆ ਜਾ ਸਕਦਾ ਹੈ। ਸਿੱਖ ਭਾਵਨਾਵਾਂ ਨੂੰ ਸੰਤੁਸ਼ਟ ਕਰਨਾ ਸਮੇਂ ਦੀ ਵੱਡੀ ਲੋੜ ਹੈ।


ਸ੍ਰੀ ਅਕਾਲ ਤਖਤ ਸਾਹਿਬ ਦੇ ਫੈਸਲਿਆਂ ਵਿੱਚ ਪ੍ਰਮੁੱਖ ਰੂਪ ਵਿੱਚ ਵਿਵਾਦ ਗ੍ਰਸਤ ਮਸਲਾ ਭਾਈ ਰਣਜੀਤ ਸਿੰਘ ਢੱਡਰੀਆਂ ਬਾਰੇ ਕੀਤਾ ਫੈਸਲਾ ਹੈ। ਉਸ ਦੀ ਨਜ਼ਰ ਨਾਲ ਇਹ ਕੇਸ ਇੱਕ ਡੇਰੇ ਅਤੇ ਉਸ ਦੇ ਪੈਰੋਕਾਰਾਂ ਨਾਲ ਸਬੰਧਤ ਹੈ, ਪਰ ਇਸ ਦੀਆਂ ਕਈ ਪਰਤਾਂ ਹਨ। ਇਹ ਇਕੱਲਾ ਭਾਈ ਰਣਜੀਤ ਸਿੰਘ ਢੱਡਰੀਆਂ ਦਾ ਮਸਲਾ ਨਹੀਂ, ਇਸ ਕਾਰਨ ਸਿੱਖ ਕੌਮ ਪਹਿਲਾਂ ਹੀ ਵੰਡੀ ਹੋਈ ਹੈ ਤੇ ਭਾਈ ਰਣਜੀਤ ਸਿੰਘ ਢੱਡਰੀਆਂ ਵੱਲੋਂ ਇਸ ਫੈਸਲੇ ਦੇ ਪ੍ਰਤੀਕਰਮ ਵਜੋਂ ਪੈਦਾ ਕੀਤੀ ਹਾਲਤ ਨੇ ਸਿੱਖ ਪੰਥ ਸਾਹਮਣੇ ਵੱਡੀਆਂ ਚੁਣੌਤੀਆਂ ਪੈਦਾ ਕਰ ਦਿੱਤੀਆਂ ਹਨ। ਹਾਲਤ ਦੇ ਸਨਮੁੱਖ ਵਧੇਰੇ ਪੰਥਕ ਹਿੱਤਾਂ ਨੂੰ ਸਾਹਮਣੇ ਰੱਖ ਕੇ ਸੰਜੀਦਗੀ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਿਧਾਂਤਾਂ ਤੇ ਭਾਵਨਾ ਦੇ ਅਨੁਕੂਲ ਹੱਲ ਤਲਾਸ਼ਣਾ ਚਾਹੀਦਾ ਹੈ। ਅਸਲ ਵਿੱਚ ਮੂਲ ਮੁੱਦਾ ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਇਲਾਵਾ ਦੂਜੇ ਗ੍ਰੰਥਾਂ ਨੂੰ ਮਾਨਤਾ ਦੇਣਾ ਹੈ। ਇਸ ਵਿੱਚ ਦਸਮ ਗ੍ਰੰਥ ਤੇ ਹੋਰ ਦੇ ਰਚਨਾਕਾਰ ਨਾਲ ਸਬੰਧਤ ਮਸਲਾ ਹੈ, ਇਸ ਮੂਲ ਮੁੱਦੇ ਉੱਤੇ ਸਿੱਖ ਪੰਥ ਵੱਡੇ ਦੋਫਾੜ ਵੱਲ ਵਧ ਰਿਹਾ ਹੈ। ਸਿੰਘ ਸਾਹਿਬਾਨ ਵੱਲੋਂ ਇਸ ਸਬੰਧੀ ਕੋਈ ਫੈਸਲਾ ਨਹੀਂ ਲਿਆ ਜਾ ਸਕਦਾ ਕਿਉਂਕਿ ਦੋ ਤਖਤਾਂ ਸ੍ਰੀ ਹਜ਼ੂਰ ਸਾਹਿਬ ਤੇ ਦਮਦਮੀ ਟਕਸਾਲ ਦੀ ਇਸ ਪ੍ਰਤੀ ਦ੍ਰਿੜ੍ਹ ਧਾਰਨਾ ਹੈ। ਇਹ ਹਾਲਤ ਪਿਛਲੇ ਕਈ ਦਹਾਕਿਆਂ ਤੋਂ ਚੱਲ ਰਹੀ ਹੈ ਤੇ ਪੰਥਕ ਰਵਾਇਤਾਂ ਅਨੁਸਾਰ ਸਾਰੀਆਂ ਧਿਰਾਂ ਆਪੋ-ਆਪਣੇ ਢੰਗਾਂ ਨਾਲ ਕਾਰਜਸ਼ੀਲ ਸਨ। ਇਨ੍ਹਾਂ ਹਾਲਾਤ ਨੂੰ ਇਸਲਾਮ ਵਿੱਚ ਸ਼ੀਆ-ਸੁੰਨੀ, ਈਸਾਈ ਮੱਤ ਵਿੱਚ ਰੋਮਨ ਤੇ ਪ੍ਰੋਟੈਸਟੈਂਟ ਵਜੋਂ ਦੇਖਿਆ ਜਾ ਰਿਹਾ ਹੈ, ਪਰ ਜੇ ਪੰਥ ਵਿੱਚ ਵੀ ਇਹ ਹਾਲਤ ਪੈਦਾ ਹੋ ਗਈ ਤਾਂ ਇਹ ਇਤਿਹਾਸ ਦੀ ਗੰਭੀਰ ਭੁੱਲ ਮੰਨੀ ਜਾ ਸਕਦੀ ਹੈ। ਸਿੱਖ ਇਤਿਹਾਸ ਵਿੱਚ ਪਹਿਲਾਂ ਵੀ ਅਜਿਹੇ ਹਾਲਾਤ ਪੈਦਾ ਹੋਏ ਸਨ, ਪਰ ਓਦੋਂ ਸਿਆਣੀਆਂ ਅਤੇ ਸੰਜੀਦਾ ਧਾਰਮਿਕ ਸ਼ਖਸੀਅਤਾਂ ਨੇ ਮਸਲੇ ਨੂੰ ਸੁਲਝਾ ਲਿਆ ਸੀ, ਜਿਵੇਂ ਤੱਤ ਖਾਲਸਾ ਤੇ ਬੰਦਈ ਖਾਲਸਾ ਦਾ ਮਸਲਾ ਵੀ ਵੱਡੀ ਚੁਣੌਤੀ ਗੰਭੀਰ ਰੂਪ ਗਿਆ ਸੀ, ਪਰ ਭਾਈ ਮਨੀ ਸਿੰਘ ਜੀ ਦੀ ਪਹਿਲਕਦਮੀ ਨਾਲ ਉਸ ਗੰਭੀਰ ਸੰਕਟ ਦਾ ਹੱਲ ਵੀ ਲੱਭ ਲਿਆ ਗਿਆ ਸੀ।।

ਇਸ ਲਈ ਸਮੇਂ ਦੀ ਵੱਡੀ ਲੋੜ ਹੈ ਕਿ ਕੁਝ ਸਿੱਖ ਸ਼ਖਸੀਅਤਾਂ ਬੈਠ ਕੇ ਇਸ ਬਾਰੇ ਕਿਸੇ ਵਿਚਾਰਧਾਰਕ ਰਸਤੇ ਦੀ ਤਲਾਸ਼ ਲਈ ਸਰਗਰਮੀ ਦਿਖਾਉਣ, ਟਕਰਾਅ ਅਤੇ ਸ਼ਕਤੀ ਦੇ ਪ੍ਰਦਰਸ਼ਨ ਦੀ ਥਾਂ ਸਹਿਣਸ਼ੀਲਤਾ, ਸੰਜੀਦਗੀ ਅਤੇ ਸਿੱਖੀ ਭਾਵਨਾ ਅਨੁਸਾਰ ਮਸਲੇ ਦਾ ਹੱਲ ਤਲਾਸ਼ਣ ਬਾਰੇ ਪਹਿਲਕਦਮੀ ਕਰਨਾ ਸਮੇਂ ਦੀ ਵੱਡੀ ਲੋੜ ਹੈ।।


## ਜ਼ਰੂਰ ਜਾਣੋ; ਗਿਆਨ ਗੰਗਾ

।। ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ।।

- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (ਇਦਟਿਅਟੌਨਿ) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?





ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ
ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ
ਵਾਣੀ ਟੀਵੀ ਤੇ ਸਵੇਰੇ 11:00 - 12:00 ਵਜੇ ਤੱਕ
ਐਮ ਐਚ ਵਨ ਸ਼ਰਥਾ ਤੇ ਸਵੇਰੇ 3:30 - 4:30 ਵਜੇ ਤੱਕ
ਸਾਧਣਾ ਟੀਵੀ ਤੇ ਸਵੇਰੇ 9:00 - 10:00 ਵਜੇ ਤੱਕ
ਹਰਿਆਣਾ ਨਿਊਜ ਤੇ ਸ਼ਾਮ 7:30 - 8:30 ਵਜੇ ਤੱਕ
ਈਸ਼ਵਰ ਟੀਵੀ ਤੇ ਸਵੇਰੇ 10:00 - 11:00 ਵਜੇ ਤੱਕ

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:
satlokashramcanada@gmail.com
satsahibusa@gmail.com
647-739-4641
346-714-0224


## ਹਲਕਾ ਫੁਲਕਾ



ਪਿਤਾ (ਪੁੱਤਰ ਨੂੰ), ''ਬੇਟਾ, ਤੇਰੀ ਜਮਾਤ ਵਿੱਚ ਸਭ ਤੋਂ ਮਿਹਨਤੀ ਵਿਦਿਆਰਥੀ ਕੌਣ ਹੈ?''
ਪੁੱਤਰ, ''ਪਿਤਾ ਜੀ, ਮੈਂ ਹੀ ਹਾਂ।''
ਪਿਤਾ, ''ਉਹ ਕਿਵੇਂ?''
ਪੁੱਤਰ, ''ਸਾਰੇ ਵਿਦਿਆਰਥੀ ਸੀਟ 'ਤੇ ਬੈਠੇ ਰਹਿੰਦੇ ਹਨ, ਸਿਰਫ ਮੈਂ ਪਿੱਛੇ ਕੰਨ ਫੜ੍ਹ ਕੇ ਖੜ੍ਹਾ ਰਹਿੰਦਾ ਹਾਂ।''

*********

ਪ੍ਰਾਇਮਰੀ ਸਕੂਲ 'ਚ ਪੜ੍ਹ ਰਹੇ ਇੱਕ ਬੱਚੇ ਨੇ ਟੀਚਰ ਤੋਂ ਪੁੱਛਿਆ,''ਮੈਡਮ ਤੁਸੀਂ ਮੈਨੂੰ ਥੱਪੜ ਕਿਉਂ ਮਾਰਿਆ?''
''ਕਿਉਂਕਿ ਤੂੰ ਕਲਾਸ 'ਚ ਖੜ੍ਹਾ ਸੀ।'' ਟੀਚਰ ਨੇ ਜਵਾਬ ਦਿੱਤਾ।
''...ਤਾਂ ਫਿਰ ਤੁਸੀਂ ਖੁਦ ਨੂੰ ਥੱਪੜ ਕਿਉਂ ਨਹੀਂ ਮਾਰਿਆ? ਤੁਸੀਂ ਵੀ ਕਲਾਸ 'ਚ ਖੜ੍ਹੇ ਸੀ।'' ਬੱਚੇ ਨੇ ਬੜੇ ਹੀ ਭੋਲੇਪਣ ਨਾਲ ਕਿਹਾ।

*********

ਭਿਖਾਰਣ, ''ਬਾਬੂ ਜੀ ਇੱਕ ਰੁਪਿਆ ਦੇ ਦਿਓ। ਤਿੰਨ ਦਿਨ ਤੋਂ ਭੁੱਖੀ ਹਾਂ।''
ਬਾਬੂ ਜੀ, ''ਤਿੰਨ ਦਿਨ ਤੋਂ ਭੁੱਖੀ ਏਂ ਤਾਂ ਇੱਕ ਰੁਪਏ ਨਾਲ ਕੀ ਹੋਵੇਗਾ?''
ਭਿਖਾਰਣ, ''ਬੱਸ ਭਾਰ ਦੇਖਣਾ ਹੈ ਕਿ ਕਿੰਨਾ ਘੱਟ ਹੋਇਆ।''

# ਪਹਿਲੀ ਬੁਲੇਟ ਟਰੇਨ ਨੂੰ ਬਰੇਕਾਂ; ਜ਼ਮੀਨ ਪ੍ਰਾਪਤੀ, ਅਸਮਾਨੀਂ ਚੜ੍ਹੇ ਰੇਟ, ਅੰਡਰ-ਗਰਾਊਂਡ ਪ੍ਰੋਜੈਕਟਾਂ ਨੇ ਕੰਮ ਰੁਕਵਾਇਆ

ਨਵੀਂ ਦਿੱਲੀ, 6 ਸਤੰਬਰ (ਪੋਸਟ ਬਿਊਰੋ)- ਭਾਰਤ ਦੀ ਪਹਿਲੀ ਬੁਲੇਟ ਟਰੇਨ ਦਾ ਪ੍ਰੋਜੈਕਟ ਕਈ ਮੋਰਚਿਆਂ ਉੱਤੇ ਰੁਕ ਗਿਆ ਹੈ। ਇਸ ਵਿੱਚ ਜਾਪਾਨੀ ਕੰਪਨੀਆਂ ਦੀ ਘੱਟ ਹਿੱਸੇਦਾਰੀ, ਨੀਲਾਮੀ ਦੀ ਬੋਲੀ ਲਾਉਣ ਵਾਲਿਆਂ ਦੇ ਘੱਟ ਰੇਟ ਕਾਰਨ ਕੈਂਸਲ ਹੋਏ ਟੈਂਡਰ, ਜ਼ਮੀਨ ਐਕੁਆਇਰ ਕਰਨ ਵਿੱਚ ਦੇਰੀ, ਅੰਡਰ-ਗਰਾਊਂਡ ਪ੍ਰੋਜੈਕਟ ਦੇ ਕਾਰਨ ਬੁਲੇਟ ਟਰੇਨ ਨੂੰ ਕੁਝ ਸਾਲਾਂ ਲਈ ਬਰੇਕ ਲੱਗ ਸਕਦੀ ਹੈ ਅਤੇ ਇਸ ਵਿੱਚ ਪੰਜ ਸਾਲ ਤੱਕ ਦੇਰੀ ਹੋ ਸਕਦੀ ਹੈ। ਇਸ ਤਰ੍ਹਾਂ ਬੁਲੇਟ ਟਰੇਨ ਉਨ੍ਹਾਂ ਚੋਣਵੇਂ ਪ੍ਰੋਜੈਕਟਾਂ ਵਿੱਚ ਸ਼ਾਮਲ ਹੋਣ ਵਾਲੀ ਹੈ, ਜੋ ਮੋਦੀ ਸਰਕਾਰ ਦੇ ਤੈਅ ਕੀਤੇ ਸਮੇਂ ਵਿੱਚ ਪੂਰੇ ਨਹੀਂ ਹੋ ਸਕੇ।

ਵਰਨਣ ਯੋਗ ਹੈ ਕਿ ਇਹ ਪ੍ਰੋਜੈਕਟ ਦਸੰਬਰ 2023 ਤੱਕ ਪੂਰਾ ਹੋਣ ਦੀ ਆਸ ਸੀ। ਫਿਲਹਾਲ ਇਸ ਪ੍ਰਾਜੈਕਟ ਦੇ ਅਕਤੂਬਰ 2028 ਵਿੱਚ ਪੂਰਾ ਹੋਣ ਦਾ ਅਨੁਮਾਨ ਲਾਇਆ ਜਾ ਰਿਹਾ ਹੈ। ਸੂਤਰਾਂ ਅਨੁਸਾਰ ਇਸ ਪ੍ਰੋਜੈਕਟ 'ਤੇ ਕੰਮ ਕਰ ਰਹੀ ਜਾਪਾਨੀ ਟੀਮ ਨਾਲ ਗੱਲਬਾਤ ਪਿੱਛੋਂ ਸੋਧੀ ਹੋਈ ਟਾਈਮ ਲਾਈਨ ਦਾ ਅਨੁਮਾਨ ਲਾਇਆ ਗਿਆ ਹੈ। ਵਰਣਨ ਯੋਗ ਹੈ ਕਿ 508 ਕਿਲੋਮੀਟਰ ਲੰਬੇ ਮੁੰਬਈ-ਅਹਿਮਦਾਬਾਦ ਹਾਈ ਸਪੀਡ ਰੇਲ ਕਾਰੀਡੋਰ ਦਾ ਕੰਮ ਜਾਪਾਨ ਤੋਂ 0.1 ਫੀਸਦੀ ਦਰ 'ਤੇ ਲਏ ਅੱਸੀ



ਫੀਸਦੀ ਕਰਜ਼ੇ ਨਾਲ ਹੋਣਾ ਹੈ। ਜਾਪਾਨੀ ਟੈਕਨਾਲੋਜੀ ਦੀ ਮਦਦ ਨਾਲ ਇਹ ਪੂਰਾ ਸਿਸਟਮ ਤਿਆਰ ਹੋ ਰਿਹਾ ਹੈ। ਆਜ਼ਾਦੀ ਦੇ 75 ਸਾਲ ਪੂਰੇ ਹੋਣ ਦੇ ਮੌਕੇ ਭਾਰਤੀ ਰੇਲਵੇ ਅਗਸਤ 2022 ਤੱਕ ਪ੍ਰੋਜੈਕਟ ਦੇ ਘੱਟ ਤੋਂ ਘੱਟ ਇਸ ਹਿੱਸੇ ਨੂੰ ਖੋਲ੍ਹਣ ਦੀ ਇੱਛੁਕ ਹੈ। ਰੇਲ ਮੰਤਰਾਲੇ ਤੇ ਮਹਾਰਾਸ਼ਟਰ 'ਚ ਗੁਜਰਾਤ ਸਰਕਾਰ ਦੀ ਇਕਵਿਟੀ ਭਾਈਵਾਲੀ ਦੇ ਨਾਲ 2016 ਵਿੱਚ ਸ਼ੁਰੂ ਹੋਏ ਨੈਸ਼ਨਲ ਹਾਈ ਸਪੀਡ ਰੇਲ ਕਾਰਪੋਰੇਸ਼ਨ ਲਿਮਟਿਡ (ਐਨ ਐਚ ਐਸ ਆਰ ਸੀ ਐਲ) ਦੇ ਬੁਲਾਰੇ ਨੇ ਕਿਹਾ ਕਿ ਇਸ ਪ੍ਰੋਜੈਕਟ ਦੇ ਪੂਰਾ ਹੋਣ ਦਾ ਟੀਚਾ ਦਸੰਬਰ 2023 ਦਾ ਹੈ। ਪ੍ਰੋਜੈਕਟ ਦੇ ਸਭ ਤੋਂ ਮਹੱਤਵ ਪੂਰਨ ਸੈਕਸ਼ਨ ਮੰਨੇ ਜਾ ਰਹੇ 21 ਕਿਲੋਮੀਟਰ ਦੇ ਅੰਡਰ-ਗਰਾਊਂਡ ਸਟਰੈਚ ਲਈ ਜਾਪਾਨ ਵੱਲੋਂ ਹਿੱਸੇਦਾਰੀ ਨਹੀਂ ਮਿਲੀ। 21 ਕਿਲੋਮੀਟਰ ਦੇ ਇਸ ਅੰਡਰ-ਗਰਾਊਂਡ ਸਟਰੈਚ ਵਿੱਚੋਂ ਸੱਤ ਕਿਲੋਮੀਟਰ ਸੈਕਸ਼ਨ ਮੁੰਬਈ ਦੇ ਨੇੜੇ ਸਮੁੰਦਰ ਵਿਚੋਂ ਹੋ ਕੇ ਲੰਘੇਗਾ। ਅਜੇ ਤੱਕ ਇਸ ਨੂੰ ਲੈ ਕੇ ਡੀਲ ਫਾਈਨਲ ਨਹੀਂ ਹੋਈ। 21 ਕਿਲੋਮੀਟਰ ਦਾ ਸਟਰੈਚ ਲਈ ਐਡਵਾਂਸ ਬੋਰਿੰਗ ਮਸ਼ੀਨ ਅਤੇ ਸਪੈਸ਼ਲ ਟੈਕਨੀਕਲ ਮੈਥਡ ਦੀ ਲੋੜ ਹੈ, ਜਿਸ ਨਾਲ ਮਹਾਰਾਸ਼ਟਰ ਦੇ ਨੇੜੇ ਫਲੇਮਿੰਗੋ ਸੈਂਚੁਅਰੀ ਨੂੰ ਬਚਾਈ ਰੱਖਣਾ ਵੀ ਮਕਸਦ ਹੈ। ਇਸ ਨੂੰ ਪੂਰਾ ਕਰਨ ਲਈ 60 ਮਹੀਨਿਆਂ ਤੋਂ ਹੋਰ ਸਮੇਂ ਦੀ ਲੋੜ ਹੈ। ਜ਼ਮੀਨ ਐਕੁਵਾਇਰ ਦੇ ਕਾਰਨ ਵੀ ਦਸੰਬਰ 2017 ਵਿੱਚ ਸ਼ੁਰੂ ਹੋਣ ਦੇ ਅਨੁਮਾਨ ਦਾ ਕੰਮ ਲਟਕਿਆ ਪਿਆ ਹੈ। ਮਹਾਰਾਸ਼ਟਰ ਵਿੱਚ ਜ਼ਰੂਰੀ 430 ਹੈਕਟੇਅਰ ਜ਼ਮੀਨ ਵਿੱਚੋਂ ਕਰੀਬ 100 ਹੈਕਟੇਅਰ ਦਾ ਕਬਜ਼ਾ ਹੋ ਚੁੱਕਾ ਹੈ। ਉਥੇ ਹੀ ਗੁਜਰਾਤ ਵਿੱਚ ਕਰੀਬ ਇੱਕ ਹਜ਼ਾਰ ਏਕੜ ਉਪਰ ਕਬਜ਼ੇ ਦਾ ਕੰਮ ਇਸ ਸਾਲ ਦੇ ਅਖੀਰ ਤੱਕ ਪੂਰਾ ਹੋਣ ਦੀ ਉਮੀਦ ਹੈ।

## ਪ੍ਰੇਮ ਜਾਲ ਵਿਚ ਫਸਾ ਕੇ ਦੋ ਭੈਣਾਂ ਦੀ ਅਸ਼ਲੀਲ ਵੀਡੀਓ ਬਣਾਈ





ਨਵੀਂ ਦਿੱਲੀ, 6 ਸਤੰਬਰ (ਪੋਸਟ ਬਿਊਰੋ)- ਭਾਰਤ ਦੀ ਰਾਜਧਾਨੀ ਦਿੱਲੀ ਦੇ ਓਖਲਾ ਥਾਣਾ ਖੇਤਰ ਵਿੱਚ ਖੁਰਸ਼ੀਦ ਅਤੇ ਮੁਹੰਮਦ ਸੱਲਨ ਨੇ ਨਾਂਅ ਬਦਲ ਕੇ ਪਹਿਲਾਂ ਦੋ ਸਕੀਆਂ ਭੈਣਾਂ ਨੂੰ ਪਿਆਰ ਦੇ ਜਾਲ ਵਿੱਚ ਫਸਾਇਆ, ਫਿਰ ਧਰਮ ਬਦਲ ਕੇ ਵਿਆਹ ਦਾ ਦਬਾਅ ਬਣਾਉਣ ਲੱਗੇ। ਲੜਕੀਆਂ ਦੇ ਮਾਂ-ਬਾਪ ਨੇ ਵਿਰੋਧ ਕੀਤਾ ਤਾਂ ਸਰੀਏ ਅਤੇ ਡੰਡਿਆਂ ਨਾਲ ਹਮਲਾ ਕਰ ਦਿੱਤਾ। ਪੁਲਸ ਨੇ ਪਾਰਕਿੰਗ ਵਿੱਚ ਕੁੱਟਮਾਰ ਦਾ ਕੇਸ ਦਰਜ ਕਰ ਕੇ ਦੋ ਜਣਿਆਂ ਨੂੰ ਗ੍ਰਿਫਤਾਰ ਕੀਤਾ ਹੈ।

ਬਿਹਾਰ ਵਾਸੀ ਇਹ ਜੋੜਾ ਤਿੰਨ ਧੀਆਂ ਅਤੇ ਇੱਕ ਪੁੱਤਰ ਨਾਲ ਓਖਲਾ ਵਿੱਚ ਵੀਹ ਸਾਲ ਤੋਂ ਰਹਿ ਰਿਹਾ ਹੈ। ਵੱਡੀ ਲੜਕੀ 2018 ਵਿੱਚ ਘਰ ਤੋਂ ਕੁਝ ਦੂਰ ਦੇ ਸਰਕਾਰੀ ਸਕੂਲ ਵਿੱਚ 11ਵੀਂ ਜਮਾਤ ਵਿੱਚ ਪੜ੍ਹਦੀ ਹੈ। ਰਾਜਾ ਨਾਂਅ ਦੇ ਇੱਕ ਨੌਜਵਾਨ ਨੇ ਉਸ ਨਾਲ ਨੇੜਤਾ ਵਧਾਈ ਤੇ ਪਿਆਰ ਦੇ ਜਾਲ ਵਿੱਚ ਫਸਾ ਕੇ ਵਿਆਹ ਦਾ ਵਾਅਦਾ ਕਰ ਕੇ ਸਰੀਰਕ ਸਬੰਧ ਬਣਾਏ ਅਤੇ ਅਸ਼ਲੀਲ ਵੀਡੀਓ ਬਣਾ ਲਈ। ਫਿਰ ਇਹ ਅਸ਼ਲੀਲ ਵੀਡੀਓ ਵਾਇਰਲ ਕਰਨ ਦੀ ਧਮਕੀ ਦੇ ਕੇ ਲੜਕੀ ਨੂੰ ਤਿੰਨ ਸਾਲ ਤੋਂ ਬਲੈਕਮੇਲ ਕਰ ਰਿਹਾ ਸੀ। ਪਤਾ ਲੱਗਣ ਉਤੇ ਪਰਵਾਰ ਨੇ ਡਰ ਕੇ ਉਸ ਨੂੰ ਮਾਸੀ ਦੇ ਘਰ ਅੰਮ੍ਰਿਤਸਰ ਭੇਜ ਦਿੱਤਾ। ਇੱਕ ਮਈ 2018 ਨੂੰ ਰਾਜਾ ਆਪਣੇ ਤਿੰਨ ਦੋਸਤਾਂ ਨਾਲ ਉਥੇ ਪਹੁੰਚ ਗਿਆ ਤੇ ਧਮਕੀ ਦੇ ਕੇ ਉਸ ਨੂੰ ਅੰਮ੍ਰਿਤਸਰ ਦੇ ਇੱਕ ਹੋਟਲ ਵਿੱਚ ਲੈ ਗਿਆ ਤੇ ਫਿਰ ਅਸ਼ਲੀਲ ਵੀਡੀਓ ਬਣਾਈ। ਉਸੇ ਦਿਨ ਸ਼ਾਮ ਨੂੰ ਦੋਵੇਂ ਅੰਮ੍ਰਿਤਸਰ ਤੋਂ ਦਿੱਲੀ ਦੀ ਬੱਸ ਵਿੱਚ ਸਵਾਰ ਹੋਏ। ਰਸਤੇ ਵਿੱਚ ਰਾਜਾ ਨੇ ਦੱਸਿਆ ਕਿ ਉਹ ਖੁਰਸ਼ੀਦ ਹੈ ਅਤੇ ਕੁੜੀ ਨੂੰ ਇਸਲਾਮ ਧਰਮ ਕਬੂਲ ਕਰ ਕੇ ਵਿਆਹ ਕਰਨਾ ਹੋਵੇਗਾ। ਉਹ ਦੋ ਬੱਚਿਆਂ ਦਾ ਪਿਤਾ ਹੈ। ਇਹ ਸੁਣ ਕੇ ਲੜਕੀ ਘਬਰਾ ਗਈ। ਮਾਂ-ਬਾਪ ਪਤਾ ਲੱਗਾ ਕਿ ਰਾਜਾ ਅੰਮ੍ਰਿਤਸਰ ਤੋਂ ਬੇਟੀ ਨੂੰ ਲੈ ਆਇਆ ਹੈ ਤਾਂ ਉਹ ਥਾਣੇ ਗਏ। ਇਸ ਪਿੱਛੋਂ ਉਸ ਨੇ ਦੋ ਮਈ ਨੂੰ ਸਵੇਰੇ ਲੜਕੀ ਨੂੰ ਓਖਲਾ ਥਾਣੇ ਦੇ ਬਾਹਰ ਛੱਡ ਦਿੱਤਾ। ਉਸ ਦੇ ਡਰ ਕਾਰਨ ਲੜਕੀ ਨੇ ਕਿਹਾ ਕਿ ਉਹ ਮਰਜ਼ੀ ਨਾਲ ਉਸ ਨਾਲ ਭੱਜੀ ਹੈ।

## ਪਟਾਕਾ ਫੈਕਟਰੀ ਵਿੱਚ ਧਮਾਕੇ ਕਾਰਨ ਸੱਤ ਔਰਤਾਂ ਹਲਾਕ

ਕੁੱਡਲੌਰ, 6 ਸਤੰਬਰ (ਪੋਸਟ ਬਿਊਰੋ)- ਤਾਮਿਲ ਨਾਡੂ ਦੇ ਕੁੱਡਲੌਰ ਜ਼ਿਲ੍ਹੇ ਵਿੱਚ ਕੱਲ੍ਹ ਇੱਕ ਪਟਾਕਾ ਫੈਕਟਰੀ ਵਿੱਚ ਹੋਏ ਧਮਾਕੇ ਵਿੱਚ ਸੱਤ ਔਰਤਾਂ ਦੀ ਮੌਤ ਹੋ ਗਈ ਅਤੇ ਦੋ ਜ਼ਖ਼ਮੀਆਂ ਦੀ ਹਾਲਤ ਗੰਭੀਰ ਦੱਸੀ ਜਾਂਦੀ ਹੈ। ਮ੍ਰਿਤਕਾਂ 'ਚ ਪਟਾਕਾ ਫੈਕਟਰੀ ਦੀ ਮਾਲਕ ਮਹਿਲਾ ਅਤੇ ਉਸ ਦੀ ਧੀ ਵੀ ਸ਼ਾਮਲ ਹਨ। ਇਸ ਧਮਾਕੇ ਕਰਕੇ ਫੈਕਟਰੀ ਦੀ ਇਮਾਰਤ ਪੂਰੀ ਤਰ੍ਹਾਂ ਨੁਕਸਾਨੀ ਗਈ। ਪਟਾਕਾ ਫੈਕਟਰੀ ਕੱਟੂਮੰਨਾਰਕੋਇਲ ਦੇ ਕੁਰਨਗੁਡੀ ਪਿੰਡ ਵਿੱਚ ਚੱਲ ਰਹੀ ਸੀ।

ਪੁਲਸ ਦੇ ਦੱਸਣ ਮੁਤਾਬਕ ਜਦੋਂ ਧਮਾਕਾ ਹੋਇਆ ਫੈਕਟਰੀ ਦੀ ਮਾਲਕ ਗਾਂਧੀਮਠੀ ਤੇ ਅੱਠ ਹੋਰ ਔਰਤਾਂ ਪਟਾਕੇ ਬਣਾ ਰਹੀਆਂ ਸਨ। ਧਮਾਕੇ ਨਾਲ ਇਮਾਰਤ ਹੇਠਾਂ ਡਿੱਗ ਪਈ ਤੇ ਪੰਜ ਔਰਤਾਂ ਦੀ ਮੌਕੇ ਉੱਤੇ ਮੌਤ ਹੋ ਗਈ। ਕੁੱਡਲੌਰ ਦੇ ਡੀ ਐਸ ਪੀ, ਐੱਮ ਅਭਿਨਵ ਨੇ ਕਿਹਾ ਕਿ ਉਹ ਜਾਂਚ ਕਰ ਰਹੇ ਹਨ ਤੇ ਅਜਿਹੀ ਸੰਭਾਵਨਾ ਹੈ ਕਿ ਧਮਾਕਾ ਫੈਕਟਰੀ ਵਿੱਚ ਭੰਡਾਰ ਕਰਕੇ ਰੱਖੇ ਕੈਮੀਕਲ ਨਾਈਟਰੇਟ ਕਰਕੇ ਹੋਇਆ ਹੈ।

## 71 ਫੀਸਦੀ ਨੌਕਰੀ ਪੇਸ਼ਾ ਲੋਕਾਂ ਕੋਲ ਅਗਲੇ ਛੇ ਮਹੀਨੇ ਜੋਗੇ ਪੈਸੇ ਵੀ ਨਹੀਂ



ਨਵੀਂ ਦਿੱਲੀ, 6 ਸਤੰਬਰ (ਪੋਸਟ ਬਿਊਰੋ)- ਕੋਰੋਨਾ ਮਹਾਮਾਰੀ ਦੇ ਕਾਰਨ ਨੌਕਰੀ ਗੁਆ ਚੁੱਕੇ ਤੇ ਤਨਖ਼ਾਹ ਕਟੌਤੀ ਨਾਲ ਆਮਦਨ 'ਚ ਕਮੀ ਦਾ ਸਾਹਮਣਾ ਕਰ ਰਹੇ ਨੌਕਰੀਪੇਸ਼ਾ ਲੋਕਾਂ ਨੂੰ ਖਰਚ 'ਚ ਕਮੀ ਕਰਨੀ ਪੈ ਰਹੀ ਹੈ।

ਵੈਲਥ ਮੈਨੇਜਮੈਂਟ ਕੰਪਨੀ ਅਰਥਯੰਤਰ ਵੱਲੋਂ ਕੀਤੇ ਸਰਵੇ ਮੁਤਾਬਕ ਕੋਰੋਨਾ ਲਾਕਡਾਊਨ ਤੋਂ ਛੇ ਮਹੀਨੇ ਬਾਅਦ ਭਾਰਤੀ ਪਰਵਾਰਾਂ ਦੀ ਵਿੱਤੀ ਹਾਲਤ ਨਾਜ਼ੁਕ ਹੋ ਗਈ ਹੈ। ਇਹ ਭਾਰਤੀ ਅਰਥਵਿਵਸਥਾ ਦੀ ਰਫਤਾਰ ਧੀਮੀ ਹੋਣ ਪਿੱਛੋਂ ਤਨਖ਼ਾਹ ਕਟੌਤੀ, ਛਾਂਟੀ ਅਤੇ ਤਨਖ਼ਾਹ ਦਾ ਵੱਡਾ ਹਿੱਸਾ ਵੇਰੀਏਬਲ ਪੇਅ 'ਚ ਪਾਉਣ ਨਾਲ ਹੋਇਆ ਹੈ। ਇਸ ਕਾਰਨ ਲੋਕਾਂ ਨੂੰ ਆਪਣੀ ਲੰਮੀ ਅਤੇ ਛੋਟੀ ਮਿਆਦ ਦੇ ਵਿੱਤੀ ਲੱਛਣਾਂ 'ਚ ਬਦਲਾਅ ਕਰਨ 'ਤੇ ਮਜ਼ਬੂਰ ਹੋਣਾ ਪੈ ਰਿਹਾ ਹੈ। ਅਰਥਯੰਤਰ ਮੁਤਾਬਕ ਦੇਸ਼ ਦੇ 71 ਫੀਸਦੀ ਨੌਕਰੀਪੇਸ਼ਾ ਵਰਗ ਨੂੰ ਅਗਲੇ ਛੇ ਮਹੀਨੇ ਲਈ ਆਪਣਾ ਖਰਚਾ ਚਲਾਉਣਾ ਮੁਸ਼ਕਲ ਹੋਣ ਵਾਲਾ ਹੈ। ਇਹ ਇਸ ਲਈ ਕਿ ਬਹੁਤੇ ਲੋਕਾਂ ਕੋਲ ਐਮਰਜੈਂਸੀ ਫੰਡ ਅਤੇ ਨਕਦੀ ਜਮ੍ਹਾ ਨਹੀਂ ਹੈ। ਆਉਣ ਵਾਲੇ ਦਿਨਾਂ 'ਚ ਸਥਿਤੀ ਹੋਰ ਖ਼ਰਾਬ ਹੋਣ ਦਾ ਡਰ ਹੈ। ਅਰਥਯੰਤਰ ਦੇ ਫਾਊਂਡਰ ਅਤੇ ਸੀ ਈ ਓ ਨਿਤਿਨ ਵਿਆਕਰਨਮ ਨੇ ਦੱਸਿਆ ਕਿ ਕੋਰੋਨਾ ਕਾਲ ਤੋਂ ਪਹਿਲਾਂ ਭਾਰਤੀ ਪੇਸ਼ੇਵਰਾਂ ਦਾ ਔਸਤ ਵਿੱਤੀ ਹੈਲਥ ਸਕੋਰ 1000 'ਚੋਂ 354 ਸੀ। ਵਿੱਤੀ ਸਕੋਰ 300 ਤੋਂ ਹੇਠਾਂ ਜਾਣ ਦਾ ਮਤਲਬ ਹੈ ਕਿ ਵਿਅਕਤੀ ਦੀ ਵਿੱਤੀ ਹਾਲਤ ਠੀਕ ਨਹੀਂ। ਕੋਰੋਨਾ ਦੇ ਨਾਲ ਲੋਕਾਂ ਦੀ ਹਾਲਤ ਬਹੁਤ ਹੀ ਖ਼ਰਾਬ ਹੋ ਗਈ ਹੈ। ਕੋਰੋਨਾ ਤੋਂ ਬਾਅਦ ਭਾਰਤੀਆਂ ਦਾ ਵਿੱਤੀ ਹੈਲਥ ਸਕੋਰ 354 ਤੋਂ ਡਿੱਗ ਕੇ 284 ਹੋ ਗਿਆ ਹੈ।

## ਨਕਸਲੀਆਂ ਨੇ ਕੰਗਾਰੂ ਕੋਰਟ ਲਾ ਕੇ ਚਾਰ ਲੋਕ ਮਾਰੇ

ਬੀਜਾਪੁਰ, 6 ਸਤੰਬਰ (ਪੋਸਟ ਬਿਊਰੋ)- ਛੱਤੀਸਗੜ੍ਹ ਦੇ ਬੀਜਾਪੁਰ ਜ਼ਿਲ੍ਹਾ ਹੈਡਕੁਆਰਟਰ ਤੋਂ ਕਰੀਬ ਚਾਲੀ ਕਿਲੋਮੀਟਰ ਦੂਰ ਬੈਲਾਡਿਲਾ ਦੀ ਤਰਾਈ ਵਿੱਚ ਵੱਸੇ ਪਿੰਡ ਪੁਸਨਾਰ ਵਿੱਚ ਨਕਸਲੀਆਂ ਨੇ ਸ਼ੁੱਕਰਵਾਰ ਸਵੇਰੇ ਕੰਗਾਰੂ ਕੋਰਟ (ਲੋਕ ਅਦਾਲਤ) ਲਾ ਕੇ ਸਰਪੰਚ ਦੇ ਜਵਾਈ ਸਣੇ ਚਾਰ ਜਣਿਆਂ ਦੀ ਹੱਤਿਆ ਕਰ ਦਿੱਤੀ। ਮਾਰੇ ਗਏ ਸਾਰੇ ਲੋਕ ਟਰੈਕਟਰ 'ਚੋਂ ਸਮਾਨ ਢੋਣ ਦਾ ਕੰਮ ਕਰਦੇ ਸਨ। ਇਸ ਖੇਤਰ ਵਿੱਚ ਸੜਕ ਦੇ ਕੰਮ ਵਿੱਚ ਇਨ੍ਹਾਂ ਦੇ ਸਹਿਯੋਗ ਕਾਰਨ ਨਕਸਲੀ ਨਾਰਾਜ਼ ਸਨ। ਵਾਰਦਾਤ ਦੇ ਬਾਅਦ ਨਕਸਲੀ ਪਿੰਡ ਦੇ ਤਿੰਨ ਹੋਰ ਵਿਅਕਤੀਆਂ ਨੂੰ ਆਪਣੇ ਨਾਲ ਲੈ ਗਏ। ਨਕਸਲੀਆਂ ਨੇ ਸੜਕ ਬਣਾਉਣ ਵਾਲੇ ਠੇਕੇਦਾਰ ਨੂੰ ਵੀ ਲਕ ਅਦਾਲਤ ਵਿੱਚ ਬੁਲਾਇਆ ਸੀ, ਪਰ ਉਹ ਨਹੀਂ ਪਹੁੰਚੇ।

ਜਾਣਕਾਰ ਸੂਤਰਾਂ ਮੁਤਾਬਕ ਨਕਸਲੀਆਂ ਨੇ ਸ਼ੁੱਕਰਵਾਰ ਸਵੇਰੇ ਲੋਕ ਅਦਾਲਤ ਲਾਈ ਅਤੇ ਆਸਪਾਸ ਦੇ ਪਿੰਡਾਂ ਦੇ ਲੋਕਾਂ ਨੂੰ ਬੁਲਾਇਆ ਸੀ। ਲਗਭਗ 150 ਲੋਕਾਂ ਦੀ ਹਾਜ਼ਰੀ ਵਿੱਚ ਲੋਕ ਅਦਾਲਤ ਵਿੱਚ ਨਕਸਲੀਆਂ ਨੇ ਸੜਕ ਬਣਾਉਣ ਦੇ ਕੰਮ ਬਾਰੇ ਇਤਰਾਜ਼ ਕੀਤਾ ਅਤੇ ਸੜਕ ਬਣਨ ਵਿੱਚ ਸਹਿਯੋਗ ਦੇਣ ਵਾਲਿਆਂ ਲਈ ਮੌਤ ਦੀ ਸਜ਼ਾ ਸੁਣਾਈ। ਇਸ ਦੇ ਬਾਅਦ ਮੇਟਾਪਾਲ ਦੀ ਸਰਪੰਚ ਪਾਕਲੀ ਕੁੰਜਮ ਦੇ ਜਵਾਈ ਨੰਗਾ ਕੁੰਜਮ, ਪੁਸਨਾਰ ਦੇ ਧੁਰਵਾ ਸੰਨੂ, ਸੰਨੂ ਪੁਨੇਮ ਤੇ ਪੱਲੀ ਦੀ ਤੇਜ਼ਧਾਰ ਹਥਿਆਰ ਨਾਲ ਹੱਤਿਆ ਕਰ ਦਿੱਤੀ। ਪਤਾ ਲੱਗਾ ਹੈ ਕਿ ਤਿੰਨ ਹੋਰ ਲੋਕਾਂ ਨੂੰ ਨਕਸਲੀ ਨਾਲ ਲੈ ਗਏ ਹਨ। ਇਨ੍ਹਾਂ ਵਿੱਚ ਇੱਕ ਜੇ ਸੀ ਬੀ ਆਪਰੇਟਰ ਅਤੇ ਦੋ ਟਰੈਕਟਰ ਚਾਲਕ ਹਨ। ਉਨ੍ਹਾਂ ਦਾ ਕੋਈ ਸੁਰਾਗ ਨਹੀਂ ਮਿਲਿਆ।

# ਭਾਰਤ ਵੱਲੋਂ ਚੀਨ ਨੂੰ ਚੇਤਾਵਨੀ; ਅਸਲ ਕੰਟਰੋਲ ਰੇਖਾ ਉੱਤੇ ਸਥਿਤੀ ਬਦਲਣ ਦੇ ਲਈ ਇੱਕ ਪਾਸੜ ਕੋਸ਼ਿਸ਼ ਨਾ ਕਰਿਓ

ਨਵੀਂ ਦਿੱਲੀ, 6 ਸਤੰਬਰ, (ਪੋਸਟ ਬਿਊਰੋ)- ਭਾਰਤ ਦੇ ਰਖਿਆ ਮੰਤਰੀ ਰਾਜਨਾਥ ਸਿੰਘ ਨੇ ਅੱਜ ਚੀਨੀ ਰੱਖਿਆ ਮੰਤਰੀ ਜਨਰਲ ਵੇਈ ਫੇਂਗੀ ਨੂੰ ਸਾਫ ਕਹਿ ਦਿੱਤਾ ਕਿ ਚੀਨ ਸਰਕਾਰ ਅਸਲ ਕੰਟਰੋਲ ਲਾਈਨ (ਐੱਲ ਏ ਸੀ) ਦਾ ਸਨਮਾਨ ਕਰੇ ਤੇ ਓਥੋਂ ਦੀ ਸਥਿਤੀ ਨੂੰ ਬਦਲਣ ਦੀ ਕੋਈ ਵੀ ਇੱਕ ਪਾਸੜ ਕੋਸ਼ਿਸ਼ ਨਾ ਕਰੇ। ਉਨ੍ਹਾਂ ਕਿਹਾ ਕਿ ਭਾਰਤ ਅਪਣੀ ਪ੍ਰਭੁਸੱਤਾ ਤੇ ਅਖੰਡਤਾ ਦੀ ਰੱਖਿਆ ਕਰਨ ਲਈ ਪੂਰੀ ਤਰ੍ਹਾਂ ਵਚਨਬੱਧ ਹੈ।

ਇਸ ਸਾਲ ਮਈ ਦੇ ਸ਼ੁਰੂ ਵਿੱਚ ਪੂਰਬੀ ਲੱਦਾਖ਼ਨੇੜੇਐੱਲ ਏ ਸੀ ਉੱਤੇ ਪੈਦਾ ਹੋਏ ਤਣਾਅ ਦੇ ਬਾਅਦ ਦੋਵੇਂ ਦੇਸ਼ਾਂਦੀ ਇਹਮੰਤਰੀ ਪੱਧਰ ਦੀਪਹਿਲੀ ਆਹਮੋ-ਸਾਹਮਣੇ ਬੈਠਕ ਸੀ। ਭਾਰਤ ਦੇ ਰੱਖਿਆ ਮੰਤਰੀ ਰਾਜਨਾਥ ਸਿੰਘ ਅਤੇ ਵੇਈ ਫੇਂਗੀ ਦੀ ਇਹ ਬੈਠਕ ਸ਼ੁੱਕਰਵਾਰ ਸ਼ਾਮ ਸ਼ੰਘਾਈ ਸਹਿਯੋਗ ਸੰਗਠਨ (ਐਸ ਸੀ ਓ) ਦੇ ਦੇਸ਼ਾਂ ਵਿਚਾਲੇ ਰਖਿਆ ਮੰਤਰੀ ਦੇ ਪੱਧਰ ਦੀ ਬੈਠਕ ਮੌਕੇ ਮਾਸਕੋ ਵਿੱਚ ਹੋਈ ਤੇ ਇਹ ਲਗਭਗ 2 ਘੰਟੇ 20 ਮਿੰਟ ਲੰਮੀ ਚੱਲੀ। ਇਸ ਬਾਰੇ ਅਧਿਕਾਰੀਆਂ ਨੇ ਦਸਿਆ ਕਿ ਰਾਜਨਾਥ ਸਿੰਘ ਨੇ ਚੀਨੀ ਰੱਖਿਆ ਮੰਤਰੀ ਨੂੰ ਕਿਹਾ ਕਿ ਮੌਜੂਦਾ ਹਾਲਾਤ ਨੂੰ ਜ਼ਿੰਮੇਦਾਰੀ ਨਾਲ ਹੱਲ ਕਰਨ ਦੀ ਲੋੜ ਹੈ ਅਤੇ ਦੋਵਾਂ ਧਿਰਾਂਵਲੋਂ ਕੋਈ ਅਜਿਹਾ ਕਦਮ ਨਹੀਂ ਚੁਕਿਆ ਜਾਣਾ ਚਾਹੀਦਾ, ਜਿਸ ਨਾਲ ਮਾਮਲਾ ਹੋਰ ਗੰਭੀਰ ਹੋ ਜਾਵੇ ਤੇ ਸਰਹੱਦ ਉੱਤੇ ਤਣਾਅ ਵਧੇ। ਉਨ੍ਹਾਂ ਨੇ ਵੇਈ ਨੂੰ ਕਿਹਾ ਕਿ ਚੀਨ ਵੱਲੋਂ ਵੱਡੀ ਗਿਣਤੀ ਵਿੱਚ ਫੌਜ ਦੀ ਤਾਇਨਾਤੀ, ਹਮਲਾਵਰ ਵਿਹਾਰਤੇ ਸਥਿਤੀ ਨੂੰ ਬਦਲਣ ਦੀ ਇੱਕ ਪਾਸੜ ਕੋਸ਼ਿਸ਼, ਦੁਵੱਲੇ ਸਮਝੌਤੇ ਦੀ ਉਲੰਘਣਾ ਹੈ। ਉਨ੍ਹਾਂ ਇਹ ਵੀ ਕਿਹਾ ਕਿ ਦੋਵਾਂ ਧਿਰਾਂ ਨੂੰ ਡਿਪਲੋਮੈਟਾਂ ਅਤੇ ਫ਼ੌਜ ਰਾਹੀਂ ਗੱਲਬਾਤ ਜਾਰੀ ਰੱਖਣੀ ਚਾਹੀਦੀ ਹੈ ਤਾਂ ਕਿ ਐੱਲ ਏ ਸੀ ਉੱਤੇਜਲਦੀ ਹੀ ਪੁਰਾਣੀ ਸਥਿਤੀ ਵਿੱਚ ਪੂਰੀ ਤਰ੍ਹਾਂ ਵਾਪਸੀ ਅਤੇ ਤਣਾਅ ਨੂੰ ਘਟਾਉਣਾ ਯਕੀਨੀ ਕੀਤਾ ਜਾ ਸਕੇ।

ਭਾਰਤ ਦੇ ਰਖਿਆ ਮੰਤਰੀ ਨੇ ਚੀਨੀ ਰੱਖਿਆ ਮੰਤਰੀ ਨੂੰ ਕਿਹਾ ਕਿ ਦੋਵਾਂ ਦੇਸ਼ਾਂ ਨੂੰ ਸਰਹੱਦੀ ਖੇਤਰਾਂ ਵਿੱਚ ਸ਼ਾਂਤੀ ਕਾਇਮ ਰੱਖਣ ਅਤੇ ਤਣਾਅ ਘਟਾਉਣ ਲਈ ਆਗੂਆਂ ਯਤਨ ਜਾਰੀ ਰੱਖਣਾ ਚਾਹੀਦਾ ਹੈ ਅਤੇ ਮਤਭੇਦਾਂ ਨੂੰ ਜੰਗਤੀਕਰ ਨਹੀਂ ਜਾਣ ਦੇਣਾ ਚਾਹੀਦਾ।ਅਧਿਕਾਰੀਆਂ ਨੇ ਦੱਸਿਆ ਕਿ ਗੱਲਬਾਤ ਦੌਰਾਨ ਰਾਜਨਾਥ ਸਿੰਘ ਨੇ ਵਿਸ਼ੇਸ਼ ਤੌਰ ਉੱਤੇ ਪਿਛਲੇ ਕੁਝ ਮਹੀਨਿਆਂ ਵਿੱਚ ਪੂਰਬੀ ਲੱਦਾਖ਼ ਦੀ ਗਲਵਾਨ ਘਾਟੀ ਸਮੇਤ ਐਲਏਸੀ ਉੱਤੇਚੀਨ ਦੀਆਂ ਗਤੀਵਿਧੀਆਂ ਬਾਰੇਵੀ ਭਾਰਤ ਦਾ ਰੁਖ ਸਪਸ਼ਟ ਦਸਿਆ ਅਤੇ ਕਿਹਾ ਕਿ ਭਾਰਤੀ ਫ਼ੌਜ ਨੇ ਸਰਹੱਦੀ ਪ੍ਰਬੰਧ ਲਈ ਹਮੇਸ਼ਾ ਬਹੁਤ ਜ਼ਿੰਮੇਦਾਰ ਰੁਖ ਅਪਣਾਇਆ ਹੈ, ਪਰ ਆਪਣੀ ਪ੍ਰਭੁਸੱਤਾ ਅਤੇ ਅਖੰਡਤਾ ਦੀ ਰਖਿਆ ਦੀ ਵਚਨਬੱਧਤਾ ਕਰਦੀ ਰਹੇਗੀ।

# ਡੇਰੇਦਾਰ ਸੰਤ ਤੇ ਕਾਂਗਰਸੀ ਵਿਧਾਇਕ ਆਹਮੋ-ਸਾਹਮਣੇ

### ਪੰਚਾਇਤੀ ਜ਼ਮੀਨ ਦਾ ਵਿਵਾਦ

ਪੱਟੀ, 6 ਸਤੰਬਰ (ਪੋਸਟ ਬਿਊਰੋ)- ਇਥੋਂ ਦੀ ਪੰਚਾਇਤੀ ਜ਼ਮੀਨ ਕਾਰਨ ਸਥਾਨਕ ਕਾਂਗਰਸੀ ਵਿਧਾਇਕ ਅਤੇ ਡੇਰੇ ਦੇ ਬਾਬੇ ਵਿਚਾਲੇ ਮਾਮਲਾ ਭਖ ਗਿਆ ਹੈ। ਵਿਧਾਇਕ ਹਰਮਿੰਦਰ ਸਿੰਘ ਗਿੱਲ ਨੇ ਕੱਲ੍ਹ ਆਪਣੇ ਫੇਸਬੁਕ ਪੇਜ 'ਤੇ ਪਿੰਡ ਕੈਰੋਂ ਦੇ ਗੁਰਦੁਆਰਾ ਝਾੜ ਸਾਹਿਬ ਦੇ ਪ੍ਰਬੰਧਕ ਬਾਬਾ ਸੁਰਜੀਤ ਸਿੰਘ ਵਿਰੁੱਧ ਗੁਰਦੁਆਰੇ ਹੇਠਲੀ ਖੇਤੀਬਾੜੀ ਜ਼ਮੀਨ ਆਪਣੇ ਅਤੇ ਆਪਣੀ ਪਤਨੀ ਦੇ ਨਾਂਅ ਕਰਾਉਣ ਦਾ ਖੁਲਾਸਾ ਕੀਤਾ ਸੀ।

ਵਿਧਾਇਕ ਹਰਮਿੰਦਰ ਸਿੰਘ ਗਿੱਲ ਨੇ ਪਿੰਡ ਕੈਰੋਂ ਅਤੇ ਕੰਡਿਆਲਾ ਦੀਆਂ ਪੰਚਾਇਤੀ ਜ਼ਮੀਨਾਂ ਦੇ ਵੇਰਵੇ ਫਰਦਾਂ ਸਣੇ ਜਾਰੀ ਕੀਤੇ ਸਨ। ਇਲਾਕੇ ਵਿੱਚ ਚਰਚਾ ਹੈ ਕਿ ਵਿਧਾਇਕ ਨੇ ਬਾਬਾ ਸੁਰਜੀਤ ਸਿੰਘ ਨੂੰ ਪੱਟੀ ਸ਼ਹਿਰ ਦੇ ਚਾਰੇ ਪਾਸੇ ਬਣ ਰਹੇ ਦਰਸ਼ਨੀ ਗੇਟਾਂ ਵਿੱਚੋਂ ਇੱਕ ਕੋਲ ਗਰੀਬਾਂ ਦੇ ਕੁਝ ਘਰ ਬਣਾਉਣ ਨੂੰ ਕਿਹਾ ਸੀ। ਇਸ ਨਾਲ ਦੋਵਾਂ ਦਾ ਵਿਵਾਦ ਵਧ ਗਿਆ। ਇਸ ਬਾਰੇ ਕੱਲ੍ਹ ਪ੍ਰੈਸ ਕਾਨਫਰੰਸ ਕਰ ਕੇ ਬਾਬਾ ਸੁਰਜੀਤ ਸਿੰਘ ਨੇ ਕਿਹਾ ਕਿ ਗੁਰ-ਦੁਆਰਾ ਝਾੜ ਸਾਹਿਬ ਦੇ ਸਾਬਕਾ ਪ੍ਰਬੰਧਕ ਬਾਬਾ ਕਰਤਾਰ ਸਿੰਘ ਦੀ ਮੌਤ ਪਿੱਛੋਂ ਡੇਰੇ ਦੀ ਚੱਲ ਤੇ ਅਚੱਲ ਜਾਇਦਾਦ ਉਨ੍ਹਾਂ ਦੇ ਨਾਂਅ 'ਤੇ ਤਬਦੀਲ ਹੋਈ ਹੈ। ਉਨ੍ਹਾਂ ਆਪਣੀ ਪਤਨੀ ਦੇ ਨਾਂਅ ਜਾਇਦਾਦ ਦੇ ਤਬਾਦਲੇ ਦੇ ਦੋਸ਼ਾਂ ਨੂੰ ਰੱਦ ਕੀਤਾ। ਪਿੰਡ ਦੇ ਨੰਬਰਦਾਰਾਂ, ਸਾਬਕਾ ਪੰਚਾਇਤ, ਮੌਜੂਦਾ ਪੰਚ ਤੇ ਸਰਪੰਚ ਅਮਨਦੀਪ ਕੌਰ ਦੇ ਪਤੀ ਤਰਸੇਮ ਸਿੰਘ ਨੇ ਕਿਹਾ ਕਿ ਇਸ ਪਿੰਡ ਦੀ 237 ਕਨਾਲ ਜ਼ਮੀਨ ਪਿੰਡ ਦੇ ਲੋਕਾਂ ਨੇ ਸਾਲ 1986 ਵਿੱਚ ਗੁਰਦੁਆਰੇ ਨੂੰ ਦਾਨ ਕੀਤੀ ਸੀ ਜਿਸ ਉੱਤੇ ਗ੍ਰਾਮ ਪੰਚਾਇਤ ਦਾ ਹੱਕ ਨਹੀਂ।

ਵਿਧਾਇਕ ਹਰਮਿੰਦਰ ਸਿੰਘ ਗਿੱਲ ਦੇ ਮੁਤਾਬਕ ਮੁਸ਼ਤਰਕਾ ਜੁਮਲਾ ਜ਼ਮੀਨ 'ਤੇ ਗ੍ਰਾਮ ਪੰਚਾਇਤ ਦਾ ਹੱਕ ਹੁੰਦਾ ਹੈ ਤੇ ਹਲਕੇ ਦਾ ਵਿਧਾਇਕ ਹੋਣ ਕਾਰਨ ਸਰਕਾਰੀ ਜ਼ਮੀਨਾਂ ਦੀ ਰਖਵਾਲੀ ਉਨ੍ਹਾਂ ਦੀ ਜ਼ਿੰਮੇਵਾਰੀ ਹੈ। ਬਾਬਾ ਸੁਰਜੀਤ ਸਿੰਘ ਵੱਲੋਂ ਡੀ ਡੀ ਪੀ ਓ ਤਰਨ ਤਾਰਨ ਨੂੰ ਆਪਣੇ ਨਾਂਅ ਜ਼ਮੀਨ ਕਰਨ ਦੀ ਦਰਖਾਸਤ ਦੀ ਕਾਪੀ ਉਨ੍ਹਾਂ ਕੋਲ ਹੈ। ਵਿਧਾਇਕ ਨੇ ਕਿਹਾ ਕਿ ਕਿਸੇ ਵੀ ਅਸਰ ਰਸੂਖ ਵਾਲੇ ਡੇਰਾਵਾਦੀ ਸੰਤਾਂ ਨੂੰ ਸਰਕਾਰੀ ਜ਼ਮੀਨਾਂ 'ਤੇ ਕਬਜ਼ਾ ਨਹੀਂ ਕਰਨ ਦਿੱਤਾ ਜਾਵੇਗਾ।

## ਪੰਚਾਇਤ ਵਿੱਚ ਬੇਇੱਜ਼ਤੀ ਕਾਰਨ ਘਰ ਆ ਕੇ ਫਾਹਾ ਲੈ ਲਿਆ

ਜ਼ੀਰਕਪੁਰ, 6 ਸਤੰਬਰ (ਪੋਸਟ ਬਿਊਰੋ)- ਪਿੰਡ ਸ਼ਤਾਬਗੜ੍ਹ ਦੀ ਪੰਚਾਇਤ ਵੱਲੋਂ ਬੇਇੱਜ਼ਤੀ ਤੋਂ ਤੰਗ ਆਏ ਹੋਏ ਸ਼ਿਆਮ ਸਿੰਘ ਨੇ ਫਾਹਾ ਲੈ ਕੇ ਖੁਦਕੁਸ਼ੀ ਕਰ ਲਈ ਤੇ ਖੁਦਕੁਸ਼ੀ ਨੋਟ ਵਿੱਚ ਪੰਚਾਇਤ ਵੱਲੋਂ ਕੀਤੀ ਬੇਇੱਜ਼ਤੀ ਨੂੰ ਆਪਣੀ ਮੌਤ ਦਾ ਮੁੱਖ ਕਾਰਨ ਦੱਸਿਆ ਹੈ। ਪੁਲਸ ਨੇ ਮ੍ਰਿਤਕ ਦੇ ਲੜਕੇ ਵਰਿੰਦਰ ਸਿੰਘ ਦੇ ਬਿਆਨਾਂ ਉੱਤੇ ਖੁਦਕੁਸ਼ੀ ਕਰਨ ਲਈ ਮਜਬੂਰ ਕਰਨ ਦੇ ਦੋਸ਼ ਹੇਠ ਪਿੰਡ ਦੀ ਸਰਪੰਚ ਊਸ਼ਾ ਦੇਵੀ ਸਮੇਤ ਛੇ ਜਣਿਆਂ ਖਿਲਾਫ ਕੇਸ ਦਰਜ ਕੀਤਾ ਹੈ।

ਸਬ ਇੰਸਪੈਕਟਰ ਹਰਸ਼ ਮੋਹਨ ਗੌਤਮ ਨੇ ਦੱਸਿਆ ਕਿ ਮ੍ਰਿਤਕ ਦੇ ਪੁੱਤਰ ਵਰਿੰਦਰ ਸਿੰਘ ਵੱਲੋਂ ਦਿੱਤੀ ਸ਼ਿਕਾਇਤ ਮੁਤਾਬਕ ਪੰਚਾਇਤ ਵੱਲੋਂ ਪਿੰਡ ਵਿੱਚ ਨਵੇਂ ਸਿਰੇ ਤੋਂ ਗਲੀਆਂ ਬਣਾਈਆਂ ਜਾ ਰਹੀਆਂ ਸਨ। ਇਸ ਦੌਰਾਨ ਪੰਚਾਇਤ ਵੱਲੋਂ ਉਨ੍ਹਾਂ ਦੇ ਵਾੜੇ ਦੇ ਬਾਹਰ ਉਨ੍ਹਾਂ ਦੀ ਥਾਂ ਨੂੰ ਪੰਚਾਇਤੀ ਜ਼ਮੀਨ ਦੱਸ ਕੇ ਗਲੀ ਬਣਾਈ ਜਾ ਰਹੀ ਸੀ। ਸ਼ਿਆਮ ਸਿੰਘ ਤੇ ਹੋਰ ਪਰਵਾਰਕ ਮੈਂਬਰਾਂ ਨੇ ਇਸ ਦਾ ਵਿਰੋਧ ਕਰਦਿਆਂ ਕੰਮ ਬੰਦ ਕਰਾ ਦਿੱਤਾ। ਇਸ ਤੋਂ ਭੜਕੀ ਪਿੰਡ ਦੀ ਸਰਪੰਚ ਊਸ਼ਾ ਦੇਵੀ ਪਤਨੀ ਬਲਜੀਤ ਸਿੰਘ ਨੇ ਆਪਣੇ ਕੱਪੜੇ ਪਾੜ ਕੇ ਥਾਣੇ ਵਿੱਚ ਉਨ੍ਹਾਂ ਖਿਲਾਫ ਝੂਠਾ ਕੇਸ ਦਰਜ ਕਰਵਾ ਦਿੱਤਾ। ਸ਼ਿਆਮ ਸਿੰਘ ਨੇ ਵੀ ਪੁਲਸ ਕੋਲ ਸ਼ਿਕਾਇਤ ਦਰਜ ਕਰਵਾਈ ਸੀ, ਪਰ ਸਿਆਸੀ ਦਬਾਅ ਹੇਠ ਉਨ੍ਹਾਂ ਦੇ ਖਿਲਾਫ ਝੂਠਾ ਕੇਸ ਦਰਜ ਕਰ ਦਿੱਤਾ ਗਿਆ। ਸ਼ਿਕਾਇਤ ਕਰਤਾ ਨੇ ਦੋਸ਼ ਲਾਇਆ ਕਿ ਪਿੰਡ ਦੀ ਪੰਚਾਇਤ 'ਚ ਸਰਪੰਚ ਊਸ਼ਾ ਦੇਵੀ ਤੇ ਹੋਰ ਨੇ ਉਸ ਦੇ ਪਿਤਾ 'ਤੇ ਮੁਆਫੀ ਮੰਗਣ ਲਈ ਦਬਾਅ ਪਾਇਆ ਸੀ। ਉਸ ਦੇ ਪਿਤਾ ਨੇ ਮੁਆਫੀ ਵੀ ਮੰਗੀ, ਪਰ ਇਸ ਦੇ ਬਾਵਜੂਦ ਜੈ ਸਿੰਘ ਦੇ ਕਹਿਣ 'ਤੇ ਉਸ ਦੇ ਪਿਤਾ ਨੇ ਆਪਣੀ ਪੱਗ ਉਨ੍ਹਾਂ ਦੇ ਪੈਰਾਂ ਵਿੱਚ ਰੱਖੀ। ਇਸ ਤੋਂ ਪ੍ਰੇਸ਼ਾਨ ਹੋ ਕੇ ਉਸ ਦੇ ਪਿਤਾ ਵੱਲੋਂ ਆਪਣੇ ਘਰ ਆ ਕੇ ਕਮਰੇ 'ਚ ਫਾਹਾ ਲੈ ਕੇ ਖੁਦਕੁਸ਼ੀ ਕਰ ਲਈ ਗਈ।

## ਵਿਆਹ ਦੀ ਵਰ੍ਹੇਗੰਢ ਮੌਕੇ ਨੌਜਵਾਨ ਦੀ ਭੇਤਭਰੀ ਮੌਤ

ਲਾਂਬੜਾ, 6 ਸਤੰਬਰ (ਪੋਸਟ ਬਿਊਰੋ)- ਪੁਲਸ ਥਾਣਾ ਲਾਂਬੜਾ ਦੇ ਪਿੰਡ ਰਾਮਪੁਰ ਵਿਖੇ ਇੱਕ ਨੌਜਵਾਨ ਦੀ ਵਿਆਹ ਦੀ ਪਹਿਲੀ ਵਰ੍ਹੇ ਗੰਢ ਵਾਲੇ ਦਿਨ ਭੇਤਭਰੀ ਹਾਲਤ ਵਿੱਚ ਮੌਤ ਹੋ ਜਾਣ ਦੀ ਸੂਚਨਾ ਮਿਲੀ ਹੈ।

ਪਤਾ ਲੱਗਾ ਹੈ ਕਿ ਮ੍ਰਿਤਕ ਰਮਨ ਲਾਖਾ (32) ਪੁੱਤਰ ਧਰਮਪਾਲ, ਅਰਜਨ ਨਗਰ ਨਕੋਦਰ ਦੇ ਮਾਸੀ-ਮਾਸੜ ਬਲਜੀਅਮ ਵਿੱਚ ਰਹਿੰਦੇ ਹਨ, ਜਿਨਾਂ ਦੀ ਪਿੰਡ ਰਾਮਪੁਰ ਵਿਖੇ ਕੋਠੀ ਹੈ। ਰਮਨ ਲਾਖਾ ਕੋਠੀ ਦੀ ਦੇਖ-ਭਾਲ ਕਰਦਾ ਸੀ। ਕੱਲ੍ਹ ਸ਼ਾਮ ਰਮਨ ਲਾਖਾ ਓਥੇ ਆਇਆ ਸੀ। ਗੇਟ ਖੁੱਲ੍ਹਾ ਦੇਖ ਕੇ ਕੋਠੀ ਦੇ ਨੇੜੇ ਰਹਿਣ ਵਾਲੇ ਉਸ ਦੇ ਰਿਸ਼ਤੇਦਾਰ ਉਸ ਨੂੰ ਮਿਲਣ ਗਏ। ਜਦੋਂ ਉਹ ਕੋਠੀ ਵਿੱਚ ਗਏ ਤਾਂ ਰਮਨ ਲਾਖਾ ਵਿਹੜੇ ਵਿੱਚ ਫਰਸ਼ 'ਤੇ ਡਿੱਗਿਆ ਪਿਆ ਸੀ। ਉਹ ਉਸ ਨੂੰ ਖਾਂਬਰਾ ਦੇ ਇੱਕ ਨਿੱਜੀ ਹਸਪਤਾਲ ਲੈ ਕੇ ਗਏ, ਜਿੱਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਕਰ ਦਿੱਤਾ। ਜਾਂਚ ਅਧਿਕਾਰੀ ਏ ਐਸ ਆਈ ਦਲਜੀਤ ਸਿੰਘ ਨੇ ਦੱਸਿਆ ਕਿ ਮ੍ਰਿਤਕ ਦੇ ਸਰੀਰ 'ਤੇ ਕਿਸੇ ਸੱਟ ਦਾ ਕੋਈ ਨਿਸ਼ਾਨ ਨਹੀਂ ਮਿਲਿਆ। ਅਜੇ ਪੁਲਸ ਵੱਲੋਂ ਮ੍ਰਿਤਕ ਦੇ ਪਿਤਾ ਦੇ ਬਿਆਨਾਂ 'ਤੇ ਧਾਰਾ 174 ਤਹਿਤ ਕਾਰਵਾਈ ਕੀਤੀ ਗਈ ਹੈ। ਮ੍ਰਿਤਕ ਰਮਨ ਲਾਖਾ ਨੇ ਕਰੀਬ ਇੱਕ-ਡੇਢ ਸਾਲ ਪਹਿਲਾਂ ਲਾਂਬੜਾ ਦੇ ਬਾਜ਼ਾਰ ਵਿੱਚ ਬਿਊਟੀ ਸੈਲੂਨ ਖੋਲ੍ਹਿਆ ਸੀ, ਜੋ ਉਸ ਨੇ ਕੁਝ ਸਮੇਂ ਬਾਅਦ ਛੱਡ ਦਿੱਤਾ ਸੀ। ਰਮਨ ਦਾ ਵਿਆਹ ਇੱਕ ਸਾਲ ਪਹਿਲਾਂ ਅਮਰੀਕਾ ਦੀ ਸਿਟੀਜ਼ਨ ਲੜਕੀ ਨਾਲ ਹੋਇਆ ਸੀ ਅਤੇ ਉਸ ਦੀ ਪਤਨੀ ਉਸ ਨੂੰ ਆਪਣੇ ਕੋਲ ਬੁਲਾਉਣ ਲਈ ਕਾਗਜ਼ ਵਗੈਰਾ ਤਿਆਰ ਕਰਵਾ ਰਹੀ ਸੀ। ਰਮਨ ਲਾਖਾ ਦੀ ਮੌਤ ਵੀ ਉਸ ਦੇ ਵਿਆਹ ਦੀ ਪਹਿਲੀ ਵਰ੍ਹੇ ਗੰਢ ਵਾਲੇ ਦਿਨ ਹੋਈ ਹੈ।

## ਟਰੈਵਲ ਏਜੰਟ ਜੋੜਾ ਬੈਂਕ ਤੇ ਵਕੀਲ ਨੂੰ ਰਗੜਾ ਲਾ ਗਿਆ

ਜਲੰਧਰ, 6 ਸਤੰਬਰ (ਪੋਸਟ ਬਿਊਰੋ)- ਲਾਡੋਵਾਲੀ ਰੋਡ 'ਤੇ ਬੈਂਕ ਕੋਲ ਗਹਿਣੇ ਪਈ ਬੇਸਮੈਂਟ ਵਾਲੀ ਜਾਇਦਾਦ ਟਰੈਵਲ ਏਜੰਟ ਦਾ ਕੰਮ ਕਰਦੇ ਜੋੜੇ ਨੇ ਵਕੀਲ ਨੂੰ ਵੇਚ ਦਿੱਤੀ ਹੈ। ਇਸ ਬਾਰ ਪਤਾ ਉਦੋਂ ਲੱਗਾ ਜਦੋਂ ਵਕੀਲ ਨੇ ਰਜਿਸਟਰੀ ਨਾ ਕਰਾਉਣ 'ਤੇ ਅਦਾਲਤ ਵਿੱਚ ਦਾਅਵਾ ਕੀਤਾ। ਬੇਸਮੈਂਟ ਦੇ ਉਪਰਲੀ ਦੁਕਾਨ ਦਾ ਵੀ ਸੌਦਾ ਕਰਨ ਤੋਂ ਬਾਅਦ ਰਜਿਸਟਰੀ ਨਹੀਂ ਕਰਵਾਈ। ਦੋਵੇਂ ਜਾਇਦਾਦਾਂ ਦੇ ਬਦਲੇ ਜੋੜੇ ਨੇ 74 ਲੱਖ ਐਡਵਾਂਸ ਵੀ ਲਏ ਸਨ।





ਏ ਸੀ ਪੀ ਸੈਂਟਰਲ ਦੀ ਜਾਂਚ ਰਿਪੋਰਟ ਮੁਤਾਬਕ ਡਿਫੈਂਸ ਕਾਲੋਨੀ ਦੀ ਵਸਨੀਕ ਪੂਨਮ ਕੱਕੜ ਅਤੇ ਉਸ ਦੇ ਪਤੀ ਮੋਹਨ ਕੱਕੜ ਨਾਲ ਲਾਡੋਵਾਲੀ ਰੋਡ ਦੇ ਪ੍ਰੀਤ ਨਗਰ ਦੇ ਵਾਸੀ ਵਕੀਲ ਅਸ਼ੋਕ ਗਾਂਧੀ ਦੀ ਜਾਣ ਪਛਾਣ ਸੀ। ਪੂਨਮ ਕੱਕੜ ਨੇ ਪੈਸਿਆਂ ਦੀ ਤੁਰੰਤ ਲੋੜ ਦੱਸ ਕੇ ਵਕੀਲ ਗਾਂਧੀ ਨਾਲ ਲਾਡੋਵਾਲੀ ਰੋਡ ਦੇ ਕ੍ਰਿਸ਼ਨਾ ਕੰਪਲੈਕਸ ਵਿੱਚ 200 ਵਰਗ ਫੁੱਟ ਦੀ ਦੁਕਾਨ ਨੰਬਰ ਵੇਚਣ ਦਾ ਇਕਰਾਰਨਾਮਾ ਕੀਤਾ ਸੀ। ਵਕੀਲ ਨੇ ਪੂਨਮ ਕੱਕੜ ਨੂੰ ਤੀਹ ਲੱਖ ਰੁਪਏ ਦੇ ਕੇ ਰਜਿਸਟਰੀ ਦਾ ਦਿਨ ਵੀਹ ਸਤੰਬਰ 2014 ਮਿਥ ਲਿਆ। ਇਸ ਤੋਂ ਬਾਅਦ ਪੂਨਮ ਦੇ ਪਤੀ ਮੋਹਨ ਕੱਕੜ ਨੇ ਦੁਕਾਨ ਦੀ ਬੇਸਮੈਂਟ ਦਾ ਇਕਰਾਰਨਾਮਾ ਵੀ ਇੱਕ ਜੂਨ 2016 ਨੂੰ ਉਨ੍ਹਾਂ ਨਾਲ ਕਰ ਲਿਆ ਤੇ ਇਹ ਸੌਦਾ ਸੱਠ ਲੱਖ ਦਾ ਹੋਇਆ, ਜਿਸ ਦੇ ਬਦਲੇ ਪਹਿਲਾਂ ਉਨ੍ਹਾਂ 44 ਲੱਖ ਰੁਪਏ ਦੇ ਦਿੱਤੇ। ਇਸ ਦੀ ਰਜਿਸਟਰੀ 31 ਮਈ 2017 ਹੋਣੀ ਸੀ। ਇਸ ਬੇਸਮੈਂਟ ਦਾ ਕਬਜ਼ਾ ਵੀ ਵਕੀਲ ਗਾਂਧੀ ਨੂੰ ਦੇ ਦਿੱਤਾ, ਪਰ ਉਨ੍ਹਾਂ ਨੇ ਰਜਿਸਟਰੀ ਨਹੀਂ ਸੀ ਕਰਾਈ। ਜਦੋਂ ਐਡਵੋਕੇਟ ਨੇ ਲੀਗਲ ਨੋਟਿਸ ਦਿੱਤਾ ਤਾਂ ਮੋਹਨ ਕੱਕੜ ਨੇ ਕਿਹਾ ਕਿ ਉਨ੍ਹਾਂ ਦੀ ਅਸਲੀ ਰਜਿਸਟਰੀ ਗੁੰਮ ਹੋ ਹੈ, ਮਿਲੇਗੀ ਤਾਂ ਕਰਵਾ ਦਿਆਂਗੇ। ਇਸ ਪਿੱਛੋਂ 16 ਸਤੰਬਰ ਨੂੰ ਵਕੀਲ ਗਾਂਧੀ ਨੇ ਆਪਣਾ ਸਾਈਨ ਬੋਰਡ ਬੇਸਮੈਂਟ ਉਪਰ ਲਾਇਆ ਤਾਂ ਪੂਨਮ ਨੇ ਲਾਹ ਦਿੱਤਾ। ਉਨ੍ਹਾਂ ਬੇਸਮੈਂਟ ਦੀ ਰਜਿਸਟਰੀ ਕਰਵਾਉਣ ਲਈ ਕੋਰਟ ਵਿੱਚ ਦਾਅਵਾ ਕੀਤਾ ਤਾਂ ਪਤਾ ਲੱਗਾ ਕਿ ਉਹ ਪ੍ਰਾਪਰਟੀ ਬੈਂਕ ਕੋਲ ਗਹਿਣੇ ਪਈ ਹੈ। ਏ ਸੀ ਪੀ ਦੀ ਜਾਂਚ 'ਚ ਪੂਨਮ ਕੱਕੜ ਤੇ ਉਸ ਦੇ ਪਤੀ ਮੋਹਨ ਕੱਕੜ ਸ਼ਾਮਲ ਨਹੀਂ ਹੋਏ।

## ਬਜ਼ੁਰਗ ਦਾ ਏ ਟੀ ਐਮ ਕਾਰਡ ਬਦਲ ਕੇ 25 ਹਜ਼ਾਰ ਕਢਵਾਏ

ਜਲੰਧਰ, 6 ਸਤੰਬਰ (ਪੋਸਟ ਬਿਊਰੋ)- ਇਸ ਮਹਾਨਗਰ ਵਿੱਚ ਐਚ ਐਮ ਵੀ ਕਾਲਜ ਨੇੜੇ ਏ ਟੀ ਐਮ ਵਿੱਚ ਮਦਦ ਦੇ ਬਹਾਨੇ ਕਾਰਡ ਬਦਲ ਕੇ ਇੱਕ ਲੜਕੇ ਨੇ ਬਜ਼ੁਰਗ ਦੇ ਖਾਤੇ ਤੋਂ 25 ਹਜ਼ਾਰ ਰੁਪਏ ਕਢਵਾ ਲਏ। ਇਸ ਦਾ ਪਤਾ ਬਜ਼ੁਰਗ ਨੂੰ ਓਦੋਂ ਲੱਗਾ, ਜਦ ਘਰ ਪਹੁੰਚਣ ਪਿੱਛੋਂ ਉਸ ਦੇ ਮੋਬਾਈਲ 'ਤੇ ਪੈਸੇ ਕਢਵਾਏ ਜਾਣ ਦੇ ਮੈਸੇਜ ਆਏ।

ਇਸ ਬਾਰੇ ਐਚ ਐਮ ਵੀ ਕਾਲਜ ਨੇੜੇ ਦੁਰਗਾ ਕਾਲੋਨੀ ਦੇ ਵਾਸੀ ਸ਼ਾਮ ਲਾਲ ਸ਼ਰਮਾ ਨੇ ਦੱਸਿਆ ਕਿ ਸ਼ੁੱਕਰਵਾਰ ਸਵੇਰੇ ਪੰਜਾਬ ਨੈਸ਼ਨਲ ਬੈਂਕ ਦੇ ਏ ਟੀ ਐਮ ਵਿੱਚੋਂ ਪੈਸੇ ਕਢਵਾਉਣ ਗਏ ਸਨ। ਉਨ੍ਹਾਂ ਦਾ ਪੋਸਟ ਆਫਿਸ ਦਾ ਏ ਟੀ ਐਮ ਕਾਰਡ ਹੈ। ਜਦ ਉਹ ਐਚ ਐਮ ਵੀ ਕਾਲਜ ਨੇੜੇ ਪੀ ਐਨ ਬੀ ਵਾਲੇ ਏ ਟੀ ਐਮ ਵਿੱਚੋਂ ਕੱਢਣ ਲੱਗੇ ਤਾਂ ਉਨ੍ਹਾਂ ਦੇ ਪਿੱਛੇ ਇੱਕ ਲੜਕਾ ਖੜਾ ਸੀ। ਉਹ ਮਦਦ ਕਰਨ ਦੇ ਬਹਾਨੇ ਵਾਰ-ਵਾਰ ਉਨ੍ਹਾਂ ਨੂੰ ਟੋਕ ਰਿਹਾ ਸੀ। ਫਿਰ ਉਸ ਨੇ ਏ ਟੀ ਐਮ ਦਾ ਕੋਈ ਬਟਨ ਦਬਾ ਦਿੱਤਾ, ਜਿਸ ਕਾਰਨ ਤਿੰਨ ਵਾਰ ਕੋਸ਼ਿਸ਼ ਕਰਨ 'ਤੇ ਪੈਸੇ ਨਹੀਂ ਨਿਕਲੇ। ਇਸ ਪਿੱਛੋਂ ਉਹ ਜ਼ਬਰਦਸਤੀ ਆ ਕੇ ਉਨ੍ਹਾਂ ਨੂੰ ਸਮਝਾਉਣ ਲੱਗਾ ਅਤੇ ਪਿੱਛੇ ਖੜੇ ਹੋਣ ਕਾਰਨ ਉਸ ਨੇ ਏ ਟੀ ਐਮ ਕੋਡ ਦੇਖ ਲਿਆ। ਇਸ ਮੌਕੇ ਉਸ ਨੇ ਉਨ੍ਹਾਂ ਦਾ ਏ ਟੀ ਐਮ ਕਾਰਡ ਬਦਲ ਦਿੱਤਾ ਤਾਂ ਉਨ੍ਹਾਂ ਨੂੰ ਪਤਾ ਨਹੀਂ ਲੱਗਾ। ਘਰ ਪਹੁੰਚਣ ਪਿੱਛੋਂ ਉਨ੍ਹਾਂ ਦੇ ਮੋਬਾਈਲ 'ਤੇ ਪਹਿਲਾਂ ਇੱਕ ਹਜ਼ਾਰ, ਫਿਰ ਦਸ-ਦਸ ਹਜ਼ਾਰ ਅਤੇ ਚੌਥਾ ਮੈਸੇਜ ਚਾਰ ਹਜ਼ਾਰ ਰੁਪਏ ਕੁੱਲ 25 ਹਜ਼ਾਰ ਰੁਪਏ ਕਢਵਾਉਣ ਦਾ ਮੈਸੇਜ ਆਇਆ। ਇਸ ਪਿੱਛੋਂ ਉਨ੍ਹਾਂ ਨੇ ਪੋਸਟ ਆਫਿਸ ਜਾ ਕੇ ਖਾਤੇ 'ਚੋਂ ਲੈਣ-ਦੇਣ ਰੁਕਵਾ ਦਿੱਤਾ।

## ਪਿਉ-ਪੁੱਤਰ ਨੂੰ ਨੰਗੇ ਕਰਨ ਵਾਲੇ ਸਾਬਕਾ ਥਾਣਾ ਮੁਖੀ ਨੂੰ ਆਤਮ ਸਮਰਪਣ ਕਰਨਾ ਪਿਆ

ਖੰਨਾ, 6 ਸਤੰਬਰ (ਪੋਸਟ ਬਿਊਰੋ)- ਥਾਣਾ ਸਦਰ ਖੰਨਾ ਵਿੱਚ ਪਿਓ-ਪੁੱਤ ਸਮੇਤ 3 ਜਣਿਆਂ ਨੂੰ ਨੰਗੇ ਕਰਨ ਦੇ ਕੇਸ ਵਿੱਚ ਨਾਮਜ਼ਦ ਸਾਬਕਾ ਐਸ ਐਚ ਓ ਬਲਜਿੰਦਰ ਸਿੰਘ ਨੇ ਪੁਲਸ ਕੋਲ ਆਤਮ ਸਮਰਪਣ ਕਰ ਦਿੱਤਾ ਹੈ।

ਬਲਜਿੰਦਰ ਨੇ ਕੱਲ੍ਹ ਆਈ ਜੀ ਲੁਧਿਆਣਾ ਨੌਨਿਹਾਲ ਸਿੰਘ ਅੱਗੇ ਆਤਮ ਸਮਰਪਣ ਕਰ ਦਿੱਤਾ ਹੈ। ਜਾਂਚ ਟੀਮ ਦੀ ਅਗਵਾਈ ਨੌਨਿਹਾਲ ਸਿੰਘ ਕਰ ਰਹੇ ਹਨ। ਪੰਜਾਬ ਹਰਿਆਣਾ ਹਾਈ ਕੋਰਟ ਦੇ ਹੁਕਮਾਂ 'ਤੇ ਵਿਸ਼ੇਸ਼ ਜਾਂਚ ਟੀਮ (ਐਸ ਆਈ ਟੀ) ਬਣਾਈ ਗਈ ਸੀ। ਏ ਡੀ ਜੀ ਪੀ ਡਾਕਟਰ ਨਰੇਸ਼ ਅਰੋੜਾ ਦੀ ਅਗਵਾਈ ਵਿੱਚ ਬਣੀ ਇਸ ਐਸ ਆਈ ਟੀ ਨੇ ਆਪਣੀ ਰਿਪੋਰਟ ਵਿੱਚ ਬਲਜਿੰਦਰ ਸਿੰਘ ਤੇ ਹੈਡ ਕਾਂਸਟੇਬਲ ਵਰੁਣ ਕੁਮਾਰ ਦੇ ਖਿਲਾਫ ਕੇਸ ਦਰਜ ਕਰਵਾਇਆ ਸੀ। ਥਾਣਾ ਸਿਟੀ-1 ਵਿੱਚ ਚਾਰ ਜੁਲਾਈ ਨੂੰ ਦਰਜ ਕੇਸ ਪਿੱਛੋਂ ਇੰਸਪੈਕਟਰ ਬਲਜਿੰਦਰ ਸਿੰਘ ਪੁਲਸ ਦੀ ਪਕੜ ਤੋਂ ਬਾਹਰ ਸੀ। ਉਸ ਉੱਤੇ ਆਈ ਟੀ ਅਤੇ ਐਸ ਸੀ ਐਕਟ ਸਮੇਤ ਕਈ ਧਾਰਾਵਾਂ ਦਾ ਕੇਸ ਦਰਜ ਹੈ। ਪਹਿਲਾ ਸੈਸ਼ਨ ਕੋਰਟ, ਫਿਰ ਹਾਈ ਕੋਰਟ ਤੇ ਅਖੀਰ ਮੰਗਲਵਾਰ ਨੂੰ ਸੁਪਰੀਮ ਕੋਰਟ ਵੱਲੋਂ ਬਲਜਿੰਦਰ ਸਿੰਘ ਦੀ ਪੇਸ਼ਗੀ ਜ਼ਮਾਨਤ ਦੀ ਅਰਜ਼ੀ ਨੂੰ ਰੱਦ ਕੀਤੇ ਜਾਣ ਪਿੱਛੋਂ ਉਸ ਕੋਲ ਆਤਮ ਸਮਰਪਣ ਤੋਂ ਇਲਾਵਾ ਕੋਈ ਚਾਰਾ ਨਹੀਂ ਸੀ ਬਚਿਆ।




# ਨਿਕਸਨ ਦੀ ਨਿੱਕੀ ਸੋਚ ਵਿਚੋਂ ਭਾਰਤੀ ਲੋਕਾਂ ਖਿਲਾਫ ਨਫਰਤ ਖੁੱਲ੍ਹ ਕੇ ਸਾਹਮਣੇ ਆਈ

ਨਿਊ ਯਾਰਕ, 6 ਸਤੰਬਰ (ਪੋਸਟ ਬਿਊਰੋ)- ਅਮਰੀਕਾ ਦੇ ਰਾਸ਼ਟਰਪਤੀ ਭਵਨ (ਵਾਈਟ ਹਾਊਸ) ਦੀ ਹਾਲੇ ਕੁਝ ਦਿਨ ਪਹਿਲਾਂ ਜਨਤਕ ਹੋਈ ਟੇਪ ਰਿਕਾਰਡਿੰਗ ਵਿੱਚ ਸਾਬਕਾ ਅਮਰੀਕੀ ਰਾਸ਼ਟਰਪਤੀ ਰਿਚਰਡ ਨਿਕਸਨ ਭਾਰਤੀ ਲੋਕਾਂ ਬਾਰੇ ਅਪਮਾਨ ਜਨਕ ਢੰਗ ਨਾਲ ਗੱਲ ਕਰਦੇ ਨਜ਼ਰ ਆ ਰਹੇ ਹਨ। ਇਸ ਟੇਪ ਵਿੱਚ ਨਿਕਸਨ ਅਤੇ ਉਸ ਦੇ ਕੌਮੀ ਸੁਰੱਖਿਆ ਸਲਾਹਕਾਰ ਹੈਨਰੀ ਕਿਸਿੰਜਰ ਦੀ ਕੱਟੜਵਾਦੀ ਪਹੁੰਚ ਵੀ ਝਲਕਦੀ ਹੈ। ਇਸ ਨੇ ਨਿਕਸਨ ਦੇ ਰਾਜ ਦੌਰਾਨ ਅਮਰੀਕਾ ਦੀ ਭਾਰਤ ਅਤੇ ਦੱਖਣੀ ਏਸ਼ੀਆ ਬਾਰੇ ਨੀਤੀ ਨੂੰ ਪ੍ਰਭਾਵਤ ਕੀਤਾ ਹੈ।


ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਰਿਚਰਡ ਨਿਕਸਨ

ਨਿਊ ਯਾਰਕ ਟਾਈਮਜ਼ ਲਈ ਪ੍ਰਿੰਸਟਨ ਯੂਨੀਵਰਸਿਟੀ ਦੇ ਪ੍ਰੋਫੈਸਰ ਗੈਰੀ ਬਾਸ ਨੇ ਇੱਕ ਲੇਖ ਲਿਖਿਆ ਹੈ ਜਿਸ ਵਿੱਚ ਉਨ੍ਹਾਂ ਵ੍ਹਾਈਟ ਹਾਊਸ ਦੀਆਂ ਟੇਪਾਂ ਦਾ ਜ਼ਿਕਰ ਕੀਤਾ ਹੈ। ਗੈਰੀ ਨੇ ਲਿਖਿਆ ਹੈ ਕਿ ਜਿੱਥੇ ਅਮਰੀਕੀ ਨਸਲਵਾਦ ਤੇ ਹਕੂਮਤੀ ਘੁਮੰਡ ਦੀਆਂ ਮੁਸ਼ਕਲਾਂ ਨਾਲ ਜੂਝ ਰਹੇ ਹਨ, ਉਥੇ ਇਹ ਟੇਪ ਦੱਸਦੀ ਹੈ ਕਿ ਕਿਵੇਂ ਨਿਕਸਨ ਦੀ ਭਾਰਤੀ ਲੋਕਾਂ ਵੱਲ ਨਫਰਤ ਨੇ ਵੀ ਅਮਰੀਕੀ ਨੀਤੀਆਂ ਨੂੰ ਪ੍ਰਭਾਵਤ ਕੀਤਾ ਸੀ।

ਇਹ ਲੇਖ 'ਦਿ ਟੈਰੀਬਲ ਕਾਸਟ ਆਫ ਪ੍ਰੈਜ਼ੀਡੈਂਸ਼ੀਅਲ ਰੇਸਿਜ਼ਮ' ਦੇ ਸਿਰਲੇਖ ਹੇਠ ਛਪਿਆ ਹੈ। ਨਿਕਸਨ ਰਿਪਬਲਿਕਨ ਪਾਰਟੀ ਦੇ ਸਨ ਤੇ ਅਮਰੀਕਾ ਦੇ 37ਵੇਂ (1969-74) ਰਾਸ਼ਟਰਪਤੀ ਸਨ। ਟੇਪ ਵਿੱਚ ਨਿਕਸਨ, ਕਿਸਿੰਜਰ ਅਤੇ ਚੀਫ ਆਫ ਸਟਾਫ ਐਚ ਆਰ ਹਾਲਡੇਮਨ ਦੀ ਓਵਲ ਆਫਿਸ ਵਿੱਚ ਹੋਈ ਗੱਲਬਾਤ ਦਰਜ ਹੈ। ਨਿਕਸਨ ਜ਼ਹਿਰੀਲੇ ਰੌਂਅ ਵਿੱਚ ਭਾਰਤੀ ਔਰਤਾਂ ਤੇ ਭਾਰਤੀ ਲੋਕਾਂ ਬਾਰੇ ਅਪਮਾਨ ਜਨਕ ਟਿੱਪਣੀਆਂ ਕਰ ਰਹੇ ਹਨ। ਟੇਪ ਚਾਰ ਨਵੰਬਰ 1971 ਦੀ ਹੈ। ਜਦੋਂ ਇੰਦਰਾ ਗਾਂਧੀ ਅਮਰੀਕਾ ਦੌਰੇ ਉਤੇ ਸੀ। ਨਿਕਸਨ ਤੇ ਕਿਸਿੰਜਰ ਕੋਲ ਪਾਕਿ-ਸਤਾਨ ਦੀ ਮਦਦ ਦਾ ਕਾਰਨ ਇਹ ਸੀ ਕਿ ਉਹ ਚੀਨ ਖਿਲਾਫ ਅਮਰੀਕਾ ਦੀ ਮਦਦ ਕਰਦਾ ਸੀ।

# ਯੂ ਕੇ ਦੀਆਂ ਪ੍ਰਮੁੱਖ ਅਖਬਾਰਾਂ ਦੀਆਂ ਪ੍ਰਿੰਟਿੰਗ ਪ੍ਰੈਸਾਂ ਮੂਹਰੇ ਰੋਸ ਪ੍ਰਦਰਸ਼ਨ




ਲੰਡਨ, 6 ਸਤੰਬਰ (ਪੋਸਟ ਬਿਊਰੋ)- ਯੂ ਕੇ ਦੀਆਂ ਪ੍ਰਮੁੱਖ ਅੰਗਰੇਜ਼ੀ ਅਖਬਾਰਾਂ ਦੀਆਂ ਤਿੰਨ ਪ੍ਰਿੰਟਿੰਗ ਪ੍ਰੈਸਾਂ ਦੇ ਬਾਹਰ 'ਅਲੋਪ ਹੋਣ ਦੀ ਬਗਾਵਤ' (ਐਕਸ ਆਰ) ਦੇ ਕਾਰਕੁਨਾਂ ਨੇ ਰੋਸ ਪ੍ਰਦਰਸ਼ਨ ਕੀਤਾ ਹੈ।

ਹਰਟਫੋਰਡ ਸ਼ਾਇਰ ਦੀ ਬਰੋਕ ਸਬਰਨ, ਮਰਸੀ ਸਾਈਡ ਵਿੱਚ ਨੌਸਲੇ ਤੇ ਉਤਰੀ ਲੈਨਾਰਕਸ਼ਾਇਰ ਦੇ ਮਦਰਵੈਲ ਨੇੜੇ 100 ਤੋਂ ਵੱਧ ਲੋਕਾਂ ਨੇ ਆਪਣੇ ਵਾਹਨਾਂ ਨਾਲ ਸੜਕਾਂ ਬੰਦ ਕਰ ਦਿੱਤੀ ਤੇ ਅਖਬਾਰਾਂ ਦੀ ਰੋਜ਼ਾਨਾ ਦੀ ਢੋਆ ਢੁਆਈ 'ਚ ਵਿਘਨ ਪਾਇਆ, ਜਿਸ ਨਾਲ ਅਖਬਾਰਾਂ ਦੇਸ਼ ਦੇ ਵੱਖ-ਵੱਖ ਹਿੱਸਿਆਂ 'ਚ ਦੇਰੀ ਨਾਲ ਪਹੁੰਚੀਆਂ। ਐਕਸ ਆਰ ਦੇ ਇਨ੍ਹਾਂ ਕਾਰਕੁਨਾਂ ਨੇ ਦੋਸ਼ ਲਾਇਆ ਕਿ ਜਲਵਾਯੂ ਤਬਦੀਲੀ ਬਾਰੇ ਰਿਪੋਰਟਾਂ ਛਾਪਣ 'ਚ ਅਖਬਾਰਾਂ ਅਸਫਲ ਰਹੀਆਂ ਹਨ। ਇਸ ਮੌਕੇ ਪੁਲਸ ਨੇ 63 ਲੋਕਾਂ ਨੂੰ ਗ੍ਰਿਫਤਾਰ ਕੀਤਾ ਹੈ। ਅਖਬਾਰਾਂ ਦੀ ਛਪਾਈ ਕਰਨ ਵਾਲਿਆਂ ਨੇ ਉਕਤ ਪ੍ਰਦਰਸ਼ਨ ਦੀ ਸਖਤ ਨਿੰਦਾ ਕਰਦਿਆਂ ਇਸ ਨੂੰ ਪ੍ਰੈਸ ਦੀ ਆਜ਼ਾਦੀ 'ਤੇ ਹਮਲਾ ਕਿਹਾ ਹੈ। ਦੇਸ਼ ਦੀ ਗ੍ਰਹਿ ਮੰਤਰੀ ਪ੍ਰੀਤੀ ਪਟੇਲ ਨੇ ਉਕਤ ਪ੍ਰਦਰਸ਼ਨ ਦੀ ਆਲੋਚਨਾ ਕਰਦਿਆਂ ਇਸ ਨੂੰ ਲੋਕਤੰਤਰ 'ਤੇ ਹਮਲਾ ਕਿਹਾ ਹੈ। ਉਨ੍ਹਾਂ ਕਿਹਾ ਕਿ ਇਹ ਸਾਡੀ ਆਜ਼ਾਦ ਪ੍ਰੈਸ, ਸਮਾਜ ਅਤੇ ਲੋਕਤੰਤਰ 'ਤੇ ਹਮਲਾ ਹੈ, ਜਿਸ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਲੰਡਨ ਵਿੱਚ ਵੀ ਵਾਤਾਵਰਣ ਬਾਰੇ ਭਾਰੀ ਰੋਸ ਪ੍ਰਦਰਸ਼ਨ ਕੀਤਾ ਗਿਆ, ਜਿਸ ਵਿੱਚ 300 ਤੋਂ ਵੱਧ ਲੋਕਾਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ।

# ਮਸਜਿਦ ਵਿੱਚ ਛੇ ਏਅਰ ਕੰਡੀਸ਼ਨਰ ਫਟਣ ਨਾਲ 17 ਮੌਤਾਂ



ਢਾਕਾ, 6 ਸਤੰਬਰ (ਪੋਸਟ ਬਿਊਰੋ)- ਬੰਗਲਾ ਦੇਸ਼ ਦੇ ਫਤੁਉਲ੍ਹਾ ਸ਼ਹਿਰ ਦੀ ਇੱਕ ਮਸਜਿਦ ਵਿੱਚ ਨਮਾਜ਼ ਵੇਲੇ ਛੇ ਏਅਰ ਕੰਡੀਸ਼ਨਰ (ਏ ਸੀ) ਫਟਣ ਨਾਲ 17 ਲੋਕਾਂ ਦੀ ਮੌਤ ਹੋ ਗਈ ਤੇ ਚਾਲੀ ਤੋਂ ਵੱਧ ਜ਼ਖਮੀ ਹੋ ਗਏ।

ਸਥਾਨਕ ਲੋਕਾਂ ਮੁਤਾਬਕ ਫਤੁਉਲ੍ਹਾ ਦੀ ਬੈਤਸ ਸਲਾਮ ਮਸਜਿਦ ਵਿੱਚ ਸ਼ੁੱਕਰਵਾਰ ਰਾਤ 8.45 ਵਜੇ ਓਦੋਂ ਧਮਾਕਾ ਹੋਇਆ।, ਜਦੋਂ ਲੋਕਾਂ ਨੇ ਆਪਣੀ ਨਮਾਜ਼ ਸਮਾਪਤ ਹੀ ਕੀਤੀ ਸੀ। ਪਹਿਲਾਂ ਇੱਕ ਏ ਸੀ ਵਿਚ ਸਪਾਰਕਿੰਗ ਦੇ ਕਾਰਨ ਧਮਾਕਾ ਹੋਇਆ, ਫਿਰ ਦੂਸਰੇ ਏਅਰ ਕੰਡੀਸ਼ਨਰਾਂ ਵਿੱਚ ਵੀ ਧਮਾਕਾ ਹੋ ਗਿਆ। ਡਾਕਟਰਾਂ ਦਾ ਕਹਿਣਾ ਹੈ ਕਿ 27 ਪੀੜਤ ਗੰਭੀਰ ਹਾਲਤ ਵਿੱਚ ਹਨ। ਪੀੜਤਾਂ ਵਿੱਚ ਮਸਜਿਦ ਦੇ ਇਮਾਮ ਸਮੇਤ ਬਾਕੀ ਲੋਕ 99 ਫੀਸਦੀ ਸੜ ਗਏ ਅਤੇ ਉਨ੍ਹਾਂ ਨੂੰ ਗੰਭੀਰ ਸੱਟਾਂ ਹਨ। ਸਥਾਨਕ ਲੋਕਾਂ ਨੇ ਕਿਹਾ ਕਿ ਮਸਜਿਦ ਦੇ ਹੇਠੋਂ ਗੈਸ ਪਾਈਪ ਲਾਈਨ ਲੰਘਦੀ ਹੈ। ਮਸਜਿਦ ਪ੍ਰਬੰਧਕ ਕਮੇਟੀ ਨੇ ਪਿੱਛੇ ਜਿਹੇ ਪਾਈਪ ਲਾਈਨ ਦੇ ਰਿਸਾਅ ਦੀ ਸ਼ਿਕਾਇਤ ਕੀਤੀ ਸੀ, ਪਰ ਅਧਿਕਾਰੀਆਂ ਨੇ ਨਜ਼ਰ ਅੰਦਾਜ਼ ਕਰ ਦਿੱਤਾ ਸੀ। ਦੋਸ਼ ਲਾਇਆ ਗਿਆ ਹੈ ਕਿ ਪਾਈਪ ਲਾਈਨ 'ਚੋਂ ਗੈਸ ਲੀਕ ਹੋਈ ਸੀ ਅਤੇ ਮਸਜਿਦ ਦੀਆਂ ਖਿੜਕੀਆਂ ਬੰਦ ਹੋਣ ਕਾਰਨ ਗੈਸ ਅੰਦਰ ਜਮਾ ਹੋ ਗਈ ਸੀ। ਫਾਇਰ ਸਰਵਿਸ ਦੇ ਅਧਿਕਾਰੀਆਂ ਮੁਤਾਬਕ ਧਮਾਕਾ ਸਪਾਰਕਿੰਗ ਦੇ ਕਾਰਨ ਹੋਇਆ ਲੱਗਦਾ ਹੈ। ਉਨ੍ਹਾਂ ਨੂੰ ਸ਼ੱਕ ਹੈ ਕਿ ਲੀਕੇਜ ਨਾਲ ਇਕੱਠੀ ਹੋਈ ਗੈਸ ਦੇ ਕਾਰਨ ਧਮਾਕਾ ਹੋਇਆ ਹੋ ਸਕਦਾ ਹੈ।

# ਪਾਕਿਸਤਾਨ ਸੁਪਰੀਮ ਕੋਰਟ ਨੇ ਆਨਰ ਕਿਲਿੰਗ ਦਾ ਕਾਰਨ ਬਣਦੇ ਜਿਰਗੇ ਬੰਦ ਕਰਨ ਲਈ ਕਿਹਾ




ਇਸਲਾਮਾਬਾਦ, 6 ਸਤੰਬਰ (ਪੋਸਟ ਬਿਊਰੋ)- ਪਾਕਿਸਤਾਨ ਸੁਪਰੀਮ ਕੋਰਟ ਨੇ ਇੱਕ ਇਤਿਹਾਸਕ ਫੈਸਲਾ ਦੇਂਦੇ ਹੋਏ ਆਪਣੇ ਦੇਸ਼ ਦੀ ਸਰਕਾਰ ਨੂੰ ਝਾੜਦੇ ਹੋਏ ਕਿਹਾ ਕਿ ਦੇਸ਼ ਵਿੱਚ ਔਰਤਾਂ ਦੀਆਂ ਆਨਰ ਕਿਲਿੰਗ ਦੇ ਨਾਂਅ 'ਤੇ ਹੋ ਰਹੀਆਂ ਹੱਤਿਆਵਾਂ ਦੇਸ਼ ਦੇ ਮੱਥੇ 'ਤੇ ਕਲੰਕ ਹਨ ਤੇ ਇਨ੍ਹਾਂ ਦਾ ਕਾਰਨ ਬਣਦੇ ਜਿਰਗੇ (ਧਾਰਮਿਕ/ ਕਬੀਲਾ ਪੰਚਾਇਤਾਂ) ਵੀ ਇਸ ਦੇਸ਼ ਦੀ ਸਰਕਾਰ ਦੀ ਕਾਨੂੰਨ ਵਿਵਸਥਾ 'ਤੇ ਪ੍ਰਸ਼ਨ ਚਿੰਨ ਹਨ ਤੇ ਨਿਆਂ ਪਾਲਿਕਾ ਦੇ ਬਰਾਬਰ ਇੱਕ ਹੋਰ ਨਿਆਂ ਪਾਲਿਕਾ ਚਲਾਉਣ ਵਾਂਗੂ ਹਨ। ਕੋਰਟ ਨੇ ਕਿਹਾ ਕਿ ਔਰਤਾਂ ਦੇ ਕਤਲਾਂ ਨੂੰ ਆਨਰ ਕਿਲਿੰਗ ਦਾ ਨਾਂਅ ਦੇ ਕੇ ਕਾਨੂੰਨ ਨੂੰ ਗੁੰਮਰਾਹ ਨਹੀਂ ਕੀਤਾ ਜਾ ਸਕਦਾ, ਇਸ ਨੂੰ ਰੋਕ ਦਿੱਤਾ ਜਾਣਾ ਚਾਹੀਦਾ ਹੈ।

ਮਿਲੀ ਜਾਣਕਾਰੀ ਅਨੁਸਾਰ ਪਾਕਿ-ਸਤਾਨ ਸੁਪਰੀਮ ਕੋਰਟ ਦੇ ਜਸਟਿਸ ਕਾਜ਼ੀ ਫੈਜ਼ ਈਸਾ ਨੇ ਇਹ ਟਿਪਣੀ ਇੱਕ ਵਿਅਕਤੀ ਨੂੰ ਆਪਣੀ ਪਤਨੀ ਦੀ ਹੱਤਿਆ ਦੇ ਜੁਰਮ ਵਿੱਚ ਹੋਈ ਫਾਂਸੀ ਦੀ ਸਜ਼ਾ ਨੂੰ ਉਮਰ ਕੈਦ ਵਿੱਚ ਬਦਲ ਦੇਣ ਦਾ ਫੈਸਲਾ ਰੱਦ ਕਰਨ ਦੀ ਪਟੀਸ਼ਨ ਦੀ ਸੁਣਵਾਈ ਵੇਲੇ ਕੀਤੀ ਹੈ। ਅਸਲ ਵਿੱਚ 17 ਮਈ 2009 ਨੂੰ ਬਾਰਾਗਰ ਥਾਣਾ ਜ਼ਿਲਾ ਨਨਕਾਣਾ ਸਾਹਿਬ 'ਚ ਦੋਸ਼ੀ ਮੁਹੰਮਦ ਅੱਬਾਸ ਵਾਸੀ ਬਾਰਾਗਰ ਦੇ ਖਿਲਾਫ ਦਰਜ ਕੇਸ ਅਨੁਸਾਰ ਉਸ ਨੇ ਆਪਣੀ ਪਤਨੀ ਸੈਮਾ ਬੀਬੀ ਦੀ ਆਨਰ ਕਿਲਿੰਗ ਦੇ ਨਾਂਅ 'ਤੇ ਹੱਤਿਆ ਕੀਤੀ ਸੀ ਤੇ ਮ੍ਰਿਤਕਾ ਦੇ ਭਰਾ ਮੁਹੰਮਦ ਅਸਗਰ ਦੀ ਸ਼ਿਕਾਇਤ 'ਤੇ ਕੇਸ ਦਰਜ ਹੋਇਆ ਸੀ। ਇਸ ਦੀ ਸੁਣਵਾਈ ਕਰਦੇ ਹੋਏ ਨਨਕਾਣਾ ਸਾਹਿਬ ਦੇ ਸੈਸ਼ਨ ਜੱਜ ਨੇ ਦੋਸ਼ੀ ਨੂੰ ਫਾਂਸੀ ਦੀ ਸਜ਼ਾ ਸੁਣਾਈ ਸੀ। ਇਸ ਵਿਰੁੱਧ ਦੋਸ਼ੀ ਨੇ ਲਾਹੌਰ ਹਾਈ ਕੋਰਟ ਵਿੱਚ ਅਰਜ਼ੀ ਦਿੱਤੀ ਤਾਂ ਹਾਈ ਕੋਰਟ ਨੇ ਫਾਂਸੀ ਦੀ ਸਜ਼ਾ ਨੂੰ 10 ਸਾਲ ਦੀ ਕੈਦ ਵਿੱਚ ਇਹ ਕਹਿ ਕੇ ਬਦਲ ਦਿੱਤਾ ਕਿ ਆਨਰ ਕਿਲਿੰਗ ਵੇਲੇ ਆਦਮੀ ਗੁੱਸੇ ਵਿੱਚ ਆਤਮ ਸਨਮਾਨ ਲਈ ਇਹ ਹੱਤਿਆ ਕਰਦਾ ਹੈ ਅਤੇ ਉਸ ਨੂੰ ਫਾਂਸੀ ਨਹੀਂ ਦਿੱਤੀ ਜਾਣੀ ਚਾਹੀਦੀ।

ਲਾਹੌਰ ਹਾਈ ਕੋਰਟ ਦੇ ਹੁਕਮ ਨੂੰ ਮ੍ਰਿਤਕਾ ਸੈਮਾ ਦੇ ਭਰਾ ਮੁਹੰਮਦ ਅਸਗਰ ਨੇ ਸੁਪਰੀਮ ਕੋਰਟ ਵਿੱਚ ਚੈਲਿੰਜ ਕਰ ਦਿੱਤਾ ਤਾਂ ਸੁਪਰੀਮ ਕੋਰਟ ਨੇ ਸੁਣਵਾਈ ਪਿੱਛੋਂ ਕੱਲ੍ਹ ਫੈਸਲਾ ਦੇਂਦੇ ਹੋਏ ਕਿਹਾ ਕਿ ਆਨਰ ਕਿਲਿੰਗ ਪਾਕਿਸਤਾਨ ਦੇ ਕੁਝ ਲੋਕਾਂ ਵੱਲੋਂ ਕੀਤੇ ਜਾਂਦੇ ਜਿਰਗਾ ਦੀ ਖੋਜ ਹੈ। ਏਦਾਂ ਕਰਨ ਵਾਲੇ ਨਿਆਂ ਪਾਲਿਕਾ ਦੇ ਬਰਾਬਰ ਇੱਕ ਨਿਆਂ ਪਾਲਿਕਾ ਚਲਾ ਰਹੇ ਹਨ। ਆਨਰ ਕਿਲਿੰਗ ਇੰਗਲਿਸ਼ ਸ਼ਬਦ ਹੈ, ਜੋ ਉਰਦੂ ਸ਼ਬਦ ਦਾ ਗਲਤ ਮਤਲਬ ਕੱਢ ਕੇ ਬਣਾ ਦਿੱਤਾ ਗਿਆ ਹੈ। ਕਤਲ ਤਾਂ ਕਤਲ ਹੈ, ਚਾਹੇ ਕਿਸੇ ਵੀ ਸ਼ਬਦ ਦੀ ਵਰਤੋਂ ਕਰ ਕੇ ਕੀਤਾ ਹੋਵੇ। ਇਸ ਤਰ੍ਹਾਂ ਨਾਲ ਔਰਤਾਂ ਦੀ ਹੱਤਿਆ ਦੇ ਕੰਮ ਨੂੰ ਉਤਸ਼ਾਹ ਮਿਲਦਾ ਹੈ ਅਤੇ ਆਨਰ ਕਿਲਿੰਗ ਸ਼ਬਦ ਦੀ ਗਲਤ ਵਰਤੋਂ ਹੋ ਰਹੀ ਹੈ। ਜਦ ਕੋਈ ਵਿਅਕਤੀ ਦੇਸ਼ ਹਿੱਤ ਲਈ ਦੇਸ਼ ਦੇ ਅੰਦਰ (ਅੰਤਰਰਾਸ਼ਟਰੀ ਸੀਮਾ 'ਤੇ ਯੁੱਧ 'ਚ ਨਹੀਂ) ਕਿਸੇ ਦੀ ਹੱਤਿਆ ਕਰਦਾ ਹੈ ਤਾਂ ਉਹ ਹੱਤਿਆ ਹੀ ਰਹੇਗੀ, ਉਸ ਨੂੰ ਸਨਮਾਨ ਲਈ ਕੀਤੀ ਹੱਤਿਆ ਨਹੀਂ ਕਿਹਾ ਜਾ ਸਕਦਾ। ਧਾਰਾ 302 ਹੇਠ ਮੌਤ ਦੀ ਸਜ਼ਾ ਤੇ ਘੱਟ ਤੋਂ ਘੱਟ 25 ਸਾਲ ਦੀ ਸਜ਼ਾ ਦਾ ਨਿਯਮ ਹੈ ਅਤੇ ਆਨਰ ਕਿਲਿੰਗ ਦਾ ਨਾਂਅ ਦੇ ਕੇ ਸਜ਼ਾ ਨੂੰ ਘੱਟ ਨਹੀਂ ਕੀਤਾ ਜਾ ਸਕਦਾ।











# NEW CONDOS COMING SOON

Beautiful nature, luxurious amenities, a rooftop lifestyle park, close to urban conveniences, in vibrant downtown Mississauga.

**Starting From $440,900**

## FREE ASSIGNMENT

**PERMISSION TO LEASE DURING OCCUPANCY**
**CAPPED DEVELOPMENT CHARGERS**

### QUICK FACTS

Developer: Liberty Developments
Nearest Intersection: Hurontario & Eglinton
Suite Types: 1 Bedroom – 3 Bedroom Suites

### EXTENDED DEPOSIT STRUCTURE

$5,000 with offer
Balance to 5% in 30 days
2.5% in 60 days
2.5% in 90 days
2.5% in 370 days
2.5% in 540 days
5% on Occupancy



Residential
Commercial
Investment

Century 21
President Realty Inc
Brokerage*
Independently Owned and Operated.
Grewalhomes.com

**Jagdish Grewal**
Sales Representative
416 877-6464
or E-mail Jagdish@grewalhomes.com




## FRESH & LARGE VARIETY

Bread , Derry & Eggs
Branded Foods
Fruits & Vegetables
Beverages & Confectionery
Grocery & Staples
Sweet & Samosas

**SERVING FROM ALL LOCATIONS IN GTA AREA:**

10 Westmore Drive
Etobicoke ON M9V-3Z7
416-740-3262

21 Lacoste Blvd,
Brampton, ON L6P 2K2
905 794-8109

621 Wanless drive, # 122
Brampton ON L7A 0A9
905-495-3336

1075 Ceremonial Drive
Mississauga ON L5R 2Z4
905-502-1600

80 Pertosa Drive
Brampton ON L5X-5E9
905-460-0009

10510 Torbram Road,
Brampton
905-790-0030

2120 North park Drive
Brampton ON L6S 0C9
905-793-1338

10 Pannahill Dr,
Brampton
905 913-8017

